# ਰਿਸ਼ਮਾਂ ਤੇ ਦਰਪਣ



ਚਰਨ ਸਿੰਘ

# ਰਿਸ਼ਮਾਂ ਤੇ ਦਰਪਣ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

**RISHMAN Te DARPAN**

( A Collection of Poems )

By : CHARAN SINGH
9251 ARVIDA, DR.
RICHMOND B.C.
V7A4K5
CANADA
Phone : 604-448-0331

N Author

Edition: 2012

Price : Rs. 200/-

Title Designed by : Daljeet Saini

**Published by :**
Punjab Book Centre
Sector 22, Chandigarh
Tel. : 0172-2701952, 27855056

---

ਰਿਸ਼ਮਾਂ ਤੇ ਦਰਪਣ (ਕਾਵਿ-ਸੰਗ੍ਰਹਿ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਗੌਰਵ ਭਰਪੂਰ ਜਜ਼ਬੇ ਨਾਲ
## ਸਵਰਗਵਾਸੀ ਪ੍ਰੋ. ਜਗਜੀਤ ਸਿੰਘ ਛਾਬੜਾ ਜੀ ਨੂੰ ਸਮਰਪਿਤ

**ਇਸੇ ਕਲਮ ਤੋਂ**

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸ੍ਰੋਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜ੍ਹਕੋ ਮੁੜ੍ਹਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗ਼ਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012

## ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947

ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ

ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ

ਪਤਨੀ : ਪ੍ਰਕਾਸ਼ ਕੌਰ

ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ

ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ

ਐਮ.ਏ. ਪੰਜਾਬੀ

ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

### ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਗੀਤਾਂ ਦਾ ਸੰਗ੍ਰਹਿ)
(2) ਮੈਂ ਪਗਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ)
(3) ਹੋਂਦ ਦੀ ਤਲਾਸ਼ (ਲੰਬੀ ਕਵਿਤਾ)
(4) ਬੁੱਕਲ (ਕਾਵਿ ਸੰਗ੍ਰਹਿ)
(5) ਕੁਕਨੂਸ (ਕਾਵਿ ਸੰਗ੍ਰਹਿ)
(6) ਕੋਰਾ ਕਾਗਜ਼ (ਕਾਵਿ ਸੰਗ੍ਰਹਿ)
(7) ਮੌਲੀ ਧਰਤੀ (ਕਾਵਿ ਸੰਗ੍ਰਹਿ)
(8) ਸੰਤੁਲਨ (ਕਾਵਿ ਸੰਗ੍ਰਹਿ)
(9) ਖ਼ਾਲੀ ਘਰ (ਕਾਵਿ ਸੰਗ੍ਰਹਿ)
(10) ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ)
(11) ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ)
(12) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(13) ਸਮਾਧੀ (ਕਾਵਿ ਸੰਗ੍ਰਹਿ)
(14) ਖੰਭ ਤੇ ਪ੍ਰਵਾਜ਼ (ਕਾਵਿ ਸੰਗ੍ਰਹਿ)
(15) ਮੁਕਤੀ (ਲੰਬੀ ਕਵਿਤਾ)
(16) ਕਾਂਤੀ (ਕਾਵਿ ਸੰਗ੍ਰਹਿ)
(17) ਹਸਤਨਾਪੁਰ (ਕਾਵਿ ਸੰਗ੍ਰਹਿ)
(18) ਜਗਿਆਸਾ (ਕਾਵਿ ਸੰਗ੍ਰਹਿ)
(19) ਪ੍ਰਦੂਸ਼ਨ (ਕਾਵਿ ਸੰਗ੍ਰਹਿ)
(20) ਬਸਤੀ ਤੇ ਸ਼ਹਿਰ (ਕਾਵਿ ਸੰਗ੍ਰਹਿ)
(21) ਅਰਥ (ਕਾਵਿ ਸੰਗ੍ਰਹਿ)
(22) ਸੁਰਖਸ਼ਾ (ਕਾਵਿ ਸੰਗ੍ਰਹਿ)
(23) ਮਹਿਮਾ (ਕਾਵਿ ਸੰਗ੍ਰਹਿ)
(24) ਆਗਮਨ (ਕਾਵਿ ਸੰਗ੍ਰਹਿ)
(25) ਚੁੱਪ ਦੀ ਅਵਾਜ਼ (ਕਾਵਿ ਸੰਗ੍ਰਹਿ)
(26) ਕਿਵ ਸੱਚਿਆਰਾ ਹੋਈਐ (ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD sOF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੂਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ
ਚਰਨ ਸਿੰਘ ਦੀਆਂ ਪੁਸਤਕਾਂ ਤੇ Ph.D. ਕੀਤੀ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਚਿੜੀ ਚਿੜਾ ਤੇ ਬੋਟ
2. ਅੰਗ ਤੇ ਵਜੂਦ
3. ਸਫ਼ਰ ਤੋਂ ਪਹਿਲਾਂ
4. ਪੰਛੀ ਤੇ ਬਿੱਲੀ
5, ਵੱਸਣ
6. ਬੁੱਢਾ ਵਕਤ
7. ਜੀਵਨ
8. ਮਮਤਾ ਦਾ ਮੋਹ
9. ਨਦੀ ਤੇ ਪੁਲ
10. ਮੁਹੱਬਤ
11. ਤਲਾਕ
12. ਮੈਂ ਤੇ ਚੀਖ਼
13. ਦਰਪਣ ਦਾ ਚਿਹਰਾ
14. ਬੰਦ ਕਿਤਾਬ
15. ਬੱਦਲ ਦਾ ਸਫ਼ਰ
16. ਉਦਾਸ ਘਰ
17. ਕੁੱਝ ਵੀ ਸੁਰੱਖ਼ਸ਼ਤ ਨਹੀਂ
18. ਬੁੱਢਾ ਕਿਸਾਨ
20. ਮੈਂ ਜਦੋਂ ਤੁਰਦਾ ਹਾਂ

## ਚਿੜੀ ਚਿੜਾ ਤੇ ਬੋਟ

ਮੇਰਾ ਘਰ
ਇਸ ਤਰ੍ਹਾਂ ਟੁੱਟਿਆ
ਜਿਵੇਂ ਚੌਂਕੇ 'ਚ
ਖਿੱਲਰੇ ਪਏ ਨੇ ਬਰਤਨ
ਮੇਰੇ
ਰਿਸ਼ਤੇ
ਅੰਬਰ ਤੋਂ ਤਾਰਿਆਂ
ਵਾਂਗ ਟੁੱਟੇ
ਤੇ ਖਲਾਅ 'ਚ ਹੀ
ਗਰਕ ਗਏ
ਧਰਤ ਤੇ ਅਪੱੜਣ ਤੋਂ
ਪਹਿਲਾਂ

–0–

ਬੂਹਾ ਉਦਾਸ ਸੀ
ਕੰਧਾਂ ਦੀਆਂ ਅੱਖ੍ਹਾਂ 'ਚ
ਅੱਥਰੂ ਸਨ
ਛੱਤਾਂ ਦੇ ਮਘੋਰਿਆਂ ਚੋਂ
ਚਿੱਟੀ ਧੁੱਪ ਦਾ
ਕਾਲਾ ਸਾਇਆ
ਕੋਠੇਂ ਦੇ ਫਰਸ਼ ਤੇ
ਪੈ ਰਿਹਾ ਸੀ

ਵਿਹੜਾ
ਸਿਵਿਆਂ ਵਾਂਗ ਧੁੱਖ
ਰਿਹਾ ਸੀ
ਆਉਂਦੀਆਂ ਜਾਂਦੀਆਂ
ਹਵਾਵਾਂ ਨੂੰ ਪੁੱਛ ਰਿਹਾ ਸੀ
ਕਿੱਥੇ ਨੇ
ਉਹ ਚਿੜੀ ਤੇ ਚਿੜਾ
ਕਿੱਥੇ ਨੇ
ਉਨ੍ਹਾਂ ਦੇ ਬੋਟ

-0-

ਤੀਲਾ ਤੀਲਾ
ਇਕੱਠਾ ਕਰ ਉਨ੍ਹਾਂ
ਇਹ ਆਲ੍ਹਣਾ ਬਣਾਇਆ
ਸੀ
ਕਿਹੜਾ
ਤੂਫ਼ਾਨ ਉਨ੍ਹਾਂ ਦੀ ਜ਼ਿੰਦਗੀ 'ਚ
ਆਇਆ ਸੀ
ਕਿ
ਉਹ ਤੀਲਾ ਤੀਲਾ ਹੋ ਕੇ
ਖਿਲ੍ਹਰ ਗਏ
ਉਹ ਬੋਟ
ਉਹ ਚਿੜੀ ਤੇ ਚਿੜਾ

ਕਿਧਰ ਗਏ

-0-

ਹਵਾਵਾਂ ਬੋਲੀਆਂ
ਕੁੱਝ ਚਲਾਕ
ਕਾਵਾਂ ਦੀਆਂ ਟੋਲੀਆਂ
ਸ਼ੀਸ਼ੇ ਦਾ ਜੰਗਲ
ਤਿਆਗ
ਰੁੱਖਾਂ ਦੇ ਜੰਗਲ 'ਚ
ਆ ਗਈਆਂ
ਕਈ ਬੋਟ ਖਾ ਗਈਆਂ
ਉਹ ਚਿੜੀ ਚਿੜਾ
ਆਪਣੇ ਬੋਟਾਂ ਦੀ ਭਾਲ 'ਚ
ਆਪਣਾ ਆਲ੍ਹਣਾ
ਤਿਆਗ ਗਏ ਹਨ
ਰੁੱਖਾਂ ਦੇ ਜੰਗਲ ਤੋਂ
ਕੱਚ ਦੇ ਜੰਗਲ ਵੱਲ
ਉੱਡਾਰੀਆਂ ਮਾਰ ਗਏ ਹਨ

----

## ਅੰਗ ਤੇ ਵਜੂਦ

ਕਈ ਵਾਰ
ਰਾਤ ਨੂੰ ਸੁੱਤਾ ਸੁੱਤਾ
ਮੈਂ ਬਾਹਰ ਬਰਾਂਡੇ 'ਚ
ਟਹਿਲਣ ਨੂੰ
ਨਿਕਲਦਾ ਹਾਂ
ਸੋਚਦਾ ਹਾਂ
ਮੇਰੇ ਅੰਗ ਕਿਧਰ ਗਏ
ਜੋ ਮੇਰੇ ਨਾਲ ਸੌਂਦੇ ਸਨ
ਤੁਰਦੇ ਸਨ ਭੌਂਦੇ ਸਨ

–0–

ਮੈਂ ਸ਼ਾਇਦ
ਉਨ੍ਹਾਂ ਨੂੰ
ਕਿਸੇ ਕਵਾਰੀ ਨਦੀ 'ਚ
ਪ੍ਰਵਾਹ ਆਇਆ ਹਾਂ
ਨਦੀ 'ਚ
ਆਪਣੇ ਅੰਗਾਂ ਦਾ ਸੂਰਜ
ਬਾਲ ਆਇਆ ਹਾਂ
ਉੱਬਲਦੀ ਨਦੀ ਦਾ
ਪਿੰਡਾ ਠਾਰ ਆਇਆ
ਹਾਂ

ਜੋ ਨਦੀ
ਬਿਸਤਰ 'ਚ
ਮੇਰੇ ਨਾਲ ਪਈ ਹੈ
ਹੜ੍ਹਾਂ 'ਚ ਮਰ ਰਹੀ ਹੈ
ਮੈਂ ਹੁਣ
ਉਸਦਾ ਕੀ ਕਰਾਂਗਾ

-0-

ਜੇ ਉਹ
ਕਿਨਾਰਿਆਂ ਤੋਂ
ਬਾਹਰ ਵਹਿ ਗਈ
ਜਾਂ
ਕਿਸੇ ਦਰਿਆ ਦੇ ਪਾਣੀ
ਨਾਲ ਰਲ ਗਈ
ਮੈਂ ਤਾਂ ਸਦਾ ਲਈ
ਸੁੱਕ ਜਾਵਾਂਗਾ
ਆਪਣੇ ਆਪ 'ਚ ਹੀ
ਮੁੱਕ ਜਾਵਾਂਗਾ

-0-

ਮੈਂ ਸ਼ਹਿਰ ਦੇ
ਹਰ ਬੂਹੇ ਚੋਂ ਝਾਕਦਾ ਹਾਂ
ਕਿ ਮੇਰੇ ਅੰਗ
ਮੇਰਾ ਜਿਸਮ ਪਹਿਚਾਣ
ਲੈਣ

ਤੇ
ਆਪਣੀ ਆਪਣੀ
ਥਾਂ ਤੇ ਆ ਜੁੜਣ
ਹੈਰਾਨ ਹਾਂ
ਕਿ ਸ਼ਹਿਰ ਦੇ ਹਰ ਘਰ 'ਚ
ਧੜ ਹੀ ਧੜ ਪਏ ਹਨ
ਅੰਗ ਕੋਈ ਨਹੀਂ
ਮੈਂ ਸਭ ਦੇ ਸੰਗ ਹਾਂ
ਮੇਰੇ ਸੰਗ ਕੋਈ ਨਹੀਂ

-0-

ਹਰ ਘਰ 'ਚ
ਹੜ੍ਹਾਂ ਦੀ ਮਾਰੀ
ਇਕ ਨਦੀ ਵਗਦੀ ਹੈ
ਨਾ ਝਰਨਿਆਂ
ਨਾ ਚਸ਼ਮਿਆਂ
ਨਾ ਦਰਿਆਵਾਂ
ਨਾ ਸਾਗਰਾਂ 'ਚ ਰੁਕਦੀ ਹੈ
ਘਰੋਂ ਦੂਰ
ਨਿਕਲ ਜਾਂਦੀ ਹੈ
ਉਜਾੜਾਂ 'ਚ ਪਹੁੰਚਦੀ ਹੈ
ਆਲਾ-ਦੁਆਲਾ
ਵੇਖਦੀ ਹੈ
ਕਿ ਦੂਰ ਨੇੜੇ ਕੋਈ ਨਹੀਂ

ਆਪਣੇ ਪਲੂ 'ਚ ਬੱਝੇ
ਸ਼ਹਿਰ ਨੂੰ
ਖੋਲ੍ਹਦੀ ਹੈ
ਉਸ 'ਚ ਡੁੱਬ ਮਰਦੀ ਹੈ
ਸ਼ਹਿਰ 'ਚ
ਅਜੇ ਵੀ
ਨਦੀ ਦੀ ਲਾਸ਼ ਤਰਦੀ ਹੈ

-0-

ਇਸ ਸ਼ਹਿਰ ਦਾ
ਸਿਰਫ਼ ਧੜ ਹੈ
ਅੰਗ ਕੋਈ ਨਹੀਂ
ਸ਼ਹਿਰ ਦੀਆਂ
ਨਦੀਆਂ ਦੇ ਅੰਗ ਹਨ
ਧੜ ਕੋਈ ਨਹੀਂ
ਸ਼ਹਿਰ 'ਚ
ਕੁੱਝ ਵੀ ਸਾਲਮ ਨਹੀਂ
ਪੂਰਾ ਨਹੀਂ
ਸਭ ਪੱਥਰ ਹਨ
ਚੇਤਨਾ ਰਹਿਤ ਹਨ
ਇਕ ਮੈਂ ਹੀ ਹਾਂ
ਜੋ ਆਪਣੇ ਜਿਸਮ

ਆਪਣੇ
ਅੰਗਾਂ ਪ੍ਰਤੀ ਚੇਤਨ ਹਾਂ
ਇਸ ਲਈ
ਇਸ ਘੁੱਗ ਵਸਦੇ
ਸ਼ਹਿਰ 'ਚ
ਮੈਂ ਹੀ ਹਾਂ
ਜੋ ਜਾਗਦਾ ਹਾਂ ਸੌਂਦਾਂ ਨਹੀਂ

-0-

ਕਈ ਵਾਰ
ਰਾਤ ਨੂੰ ਮੈਂ ਸੁੱਤਾ ਸੁੱਤਾ
ਬਾਹਰ ਬਰਾਂਡੇ 'ਚ
ਟਹਿਲਣ ਨਿਕਲਦਾ ਹਾਂ
ਸੋਚਦਾ ਹਾਂ
ਮੇਰੇ ਅੰਗ ਕਿਧਰ ਗਏ
ਜੋ ਮੇਰੇ ਨਾਲ ਸੌਂਦੇ ਸਨ
ਤੁਰਦੇ ਸਨ ਭੌਂਦੇ ਸਨ

----

## ਸਫ਼ਰ ਤੋਂ ਪਹਿਲਾਂ

ਮੇਰੇ ਸਿਰਹਾਣੇ
ਮੇਰਾ ਸ਼ਬਦ ਸੀ
ਇਹ ਕਿੰਝ
ਪੈਰਾਂ 'ਚ ਆ ਗਿਆ
ਸਾਰਾ ਜਿਸਮ
ਸਾਰਾ ਬਿਸਤਰ ਤਹਿ
ਕਰ ਗਿਆ
ਮੈਨੂੰ ਪਤਾ ਵੀ ਨਹੀਂ ਰਿਹਾ

-0-

ਸ਼ਬਦ
ਸਿਰ 'ਚ ਕਿਉਂ ਨਹੀਂ
ਰਿਹਾ
ਕੀ ਕਮੀ ਸੀ
ਸਿਰ ਦੇ ਸ਼ਬਦ ਕੋਸ਼ 'ਚ
ਕੀ ਸੀ ਪੈਰਾਂ 'ਚ
ਜੋ ਸਿਰ 'ਚ ਨਹੀਂ

-0-

ਯਾਦ ਆਇਆ
ਸਿਰ ਦੇ ਸ਼ਬਦ ਕੋਸ਼ 'ਚ
ਸ਼ਬਦ ਸੀ

ਪੈਰਾਂ 'ਚ ਅਰਥ ਸੀ
ਸ਼ਾਇਦ ਸ਼ਬਦ
ਅਰਥ ਹੋਣ ਲਈ
ਪੈਰਾਂ 'ਚ ਉਤਰ ਆਇਆ ਹੈ

-0-

ਪੈਰਾਂ 'ਚ ਤੁਰੇਗਾ
ਤਾਂ ਸ਼ਬਦ
ਅਰਥਾਂ 'ਚ ਬਦਲੇਗਾ
ਅਰਥਾਂ 'ਚ ਬਦਲੇਗਾ
ਤਾਂ ਆਪਣਾ
ਸੰਕਲਪ ਪਹਿਚਾਣੇਗਾ
ਸੰਕਲਪ ਦੇ ਹੋਂਦ 'ਚ
ਆਉਣ ਤੋਂ ਪਹਿਲਾਂ ਦਾ
ਸਫ਼ਰ ਤਹਿ ਕਰੇਗਾ
ਤਾਂ
ਆਪਣੀ ਜੜ੍ਹ ਨੂੰ ਫੜੇਗਾ

-0-

ਸੰਕਲਪ ਦੇ ਵਜ਼ੂਦ
ਤੋਂ ਪਹਿਲਾਂ ਦੇ ਸਫ਼ਰ 'ਚ
ਤਾਂ ਕੁੱਝ ਨਹੀਂ
ਪੈਰਾਂ 'ਚ ਤੁਰਿਆ
ਸ਼ਬਦ ਰੁਕੇਗਾ
ਫਿਰ ਪੈਰਾਂ ਤੋਂ
ਸਿਰ ਵੱਲ ਮੁੜੇਗਾ

ਸੰਕਲਪ ਦੀ ਹੋਂਦ ਦੇ
ਸਫ਼ਰ ਤੋਂ ਪਹਿਲਾਂ ਦੀ
ਤਲਾਸ਼ 'ਚ
ਸ਼ਬਦ ਜਦ
ਸਿਰ 'ਚ ਤੁਰਿਆ
ਆਪਣੇ ਆਪ ਤੋਂ
ਆਰੰਭ ਹੋਇਆ
ਆਪਣੇ ਆਪ 'ਚ
ਮੁੜਿਆ
ਆਪਣੇ ਆਪ ਨੂੰ
ਸ਼ਬਦ
ਆਪਣੇ ਅੰਕੁਰ 'ਚ ਲੈ ਗਿਆ
ਜਿਸ ਅੰਕੁਰ 'ਚ
ਦਿੱਸ ਅਦਿੱਸ
ਵਸਤੂਆਂ ਦੇ ਸੰਕਲਪ
ਦਾ ਰੁੱਖ ਸੀ
ਉਹ ਮਨੁੱਖ ਹੀ ਸ਼ਬਦ ਸੀ
ਉਹ ਸ਼ਬਦ ਹੀ ਮਨੁੱਖ ਮਨੁੱਖ ਸੀ

----

# ਪੰਛੀ ਤੇ ਬਿੱਲੀ

ਪੰਛੀ ਦੇ ਮੱਥੇ 'ਚ
ਇਕ ਅੰਕੁਰ ਉੱਗ
ਰਿਹਾ ਸੀ
ਪੰਛੀ ਦੇ ਮਨ ਦਾ ਸੱਚ
ਪੁੰਗਰ ਰਿਹਾ ਸੀ
ਪੰਛੀ ਦਾਂ ਪਿੰਜਰਾ ਭੁਰ
ਰਿਹਾ ਸੀ
ਪੰਛੀ ਦਾ ਪ੍ਰਵਾਜ਼
ਪੌਣਾਂ ਸੰਗ ਰਲ ਰਿਹਾ ਸੀ
ਪੰਛੀ ਦੇ ਖੰਭਾਂ 'ਚ
ਅਕਾਸ਼ ਘੁਲ ਰਿਹਾ ਸੀ

-0-

ਪੰਛੀ ਸੋਚਦਾ
ਇਹ ਅੰਕੁਰ
ਜੋ ਮੇਰੇ ਚੋਂ ਉੱਗੇਗਾ
ਤਾਂ ਪਿੰਜਰੇ 'ਚ ਹੀ
ਜਨਮੇਂਗਾ
ਇਸ ਗ਼ਮ ਦੀ ਸੋਚ 'ਚ
ਪੰਛੀ ਕਮਜ਼ੋਰ ਹੁੰਦਾ ਗਿਆ
ਨਾ ਕੁੱਝ ਖਾਂਦਾ
ਨਾ ਪੀਂਦਾ ਨਾ ਬੋਲਦਾ

ਉਦਾਸ ਰਹਿੰਦਾ
ਮੌਤ ਨੂੰ ਉੱਡੀਕਦਾ

-0-

ਸੱਯਾਦ ਨੇ
ਪੰਛੀ ਦੀ ਹਾਲਤ ਵੇਖ ਕੇ
ਪੰਛੀ ਨੂੰ
ਆਜ਼ਾਦ ਕਰਨ ਦਾ
ਇਰਾਦਾ ਬਣਾ ਲਿਆ
ਪੰਛੀ ਨੂੰ
ਜੰਗਲ 'ਚ ਲੈ ਗਿਆ
ਸੁਰੱਖਿਅਤ ਥਾਂ ਵੇਖ ਕੇ
ਇਕ ਰੁੱਖ ਦੀ
ਖੁਡ 'ਚ ਧਰ ਦਿੱਤਾ
ਪੰਛੀ
ਪਹਿਲਾਂ ਹੀ ਖੁਡ 'ਚ ਬੈਠੀ
ਬਿੱਲੀ ਦੇ ਹਵਾਲੇ ਕਰ ਦਿੱਤਾ

-0-

ਬਿੱਲੀ ਪੰਛੀ ਤੇ ਝਪਟੀ
ਤੇ ਖਾ ਗਈ
ਬਿੱਲੀ ਦੇ ਅੰਦਰੋਂ ਹੀ
ਬਿੱਲੀ ਨੂੰ
ਪੰਛੀ ਦੀ ਆਵਾਜ਼ ਆ
ਗਈ

ਤੇਰਾ ਸ਼ੁਕਰੀਆ
ਤੂੰ ਮੈਨੂੰ ਨਕਲੀ ਪਿੰਜਰੇ
ਤੇ ਦੇਹ ਦੇ ਅਸਲ
ਪਿੰਜਰੇ ਤੋਂ ਆਜ਼ਾਦ ਕੀਤਾ ਹੈ
ਹੁਣ ਮੈਂ ਸੁਤੰਤਰ ਹਾਂ
ਆਜ਼ਾਦ ਹਾਂ
ਨਾ ਮੈਨੂੰ ਮੌਤ ਦਾ
ਨਾ ਪਿੰਜਰੇ ਦਾ ਡਰ ਹੈ
ਖੁੱਲ੍ਹਾ ਆਸਮਾਨ ਹੈ
ਨਾ ਸਰਦੀ ਨਾ ਗਰਮੀ
ਨਾ ਹਨ੍ਹੇਰੀਆਂ
ਨਾ ਝੱਖੜਾਂ ਦਾ ਡਰ ਹੈ

-0-

ਹੁਣ ਮੈਂ
ਸੁਤੰਤਰ ਹਾਂ
ਸੁਤੰਤਰਤਾ ਹੀ ਮੇਰਾ ਘਰ ਹੈ
ਮੈਂ ਆਪਣੀ
ਆਜ਼ਾਦੀ 'ਚ ਆਬਾਦ ਹਾਂ
ਮੇਰੇ 'ਚ
ਇਹ ਉੱਗਿਆ ਅੰਕੁਰ
ਪਿੰਜਰੇ ਤੋਂ ਆਜ਼ਾਦ ਹੈ
ਬੰਦਸ਼ਾਂ ਰਹਿਤ ਹੈ ਆਬਾਦ ਹੈ

-0-

ਬਿੱਲੀ ਬੋਲੀ
ਮੈਂ ਤੈਨੂੰ ਖਾ ਲਿਆ ਹੈ
ਫਿਰ ਤੇਰੀ ਇਹ ਆਵਾਜ਼
ਪੰਛੀ ਬੋਲਿਆ
ਤੂੰ ਮੇਰਾ ਜਿਸਮ ਖਾਦਾ
ਹੈ
ਮੇਰੀ ਦੇਹ ਦਾ ਸੱਚ
ਦੇਹ ਤੋਂ ਆਜ਼ਾਦ ਕੀਤਾ ਹੈ
ਬਿੱਲੀ ਹੈਰਾਨ ਸੀ
ਪੰਛੀ ਦੇਹ ਤੇ ਪ੍ਰਾਣਾਂ ਤੋਂ
ਬਿਨਾਂ ਜੀਅ ਰਿਹਾ ਹੈ
ਅੰਬਰ 'ਚ ਤਾਰੀਆਂ
ਲਾ ਰਿਹਾ ਹੈ
ਆਜ਼ਾਦੀ ਦੇ ਗੀਤ
ਗਾ ਰਿਹਾ ਹੈ

-0-

ਬਿੱਲੀ ਨੇ ਖੁਡ ਚੋਂ
ਛਾਲ ਮਾਰੀ
ਡਿਗੀ ਤੇ ਮਰ ਗਈ
ਸੁਤੰਤਰ ਪੰਛੀ ਨੂੰ
ਸੁਤੰਤਰ ਫ਼ਿਜ਼ਾ 'ਚ ਉੱਡਦਾ
ਵੇਖ ਕੇ ਬੋਲੀ
ਮੇਰੀ ਬੜੀ ਇੱਛਾ ਸੀ

ਮੈਂ ਉੱਡਾਂ
ਅਕਾਸ਼ ਛੋਹਾਂ ਤੇ
ਆਜ਼ਾਦ ਹੋਵਾਂ
ਅੱਜ ਇਹ ਪਹਿਲੀ
ਵਾਰ ਘਟਿਆ ਹੈ
ਕਿ ਮੈਂ ਪਹਿਲੀ ਵਾਰ
ਤੇਰੇ ਨਾਲ ਉੱਡ ਰਹੀ ਹਾਂ
ਆਪਣਾ ਸੱਚ ਵੇਖ ਰਹੀ ਹਾਂ
ਜੀਅ ਰਹੀ ਹਾਂ
ਹੰਢਾ ਰਹੀ ਹਾਂ
ਮੈਂ ਤੇਰੀ
ਸ਼ੁਕਰਗੁਜ਼ਾਰ ਹਾਂ
ਜੋ ਅੰਕੁਰ
ਤੇਰੇ 'ਚ ਬੀਜਿਆ ਗਿਆ ਸੀ
ਮੇਰੇ ਚੋਂ ਉੱਗਿਆ ਹੈ
ਮੇਰੀ ਦੇਹ ਦਾ ਭਰਮ
ਮੁੱਕਿਆ ਹੈ
ਮੈਂ ਆਪਣੇ
ਅੰਦਰ ਦਾ ਸੱਚ ਪਾਇਆ ਹੈ
ਤੇਰੇ ਅੰਕੁਰ ਦੇ ਬੀਜ ਦਾ
ਰੁੱਖ ਹੰਢਾਇਆ ਹੈ

----

# ਵੱਸਣ

ਉਹ
ਸ਼ੀਸ਼ੇ ਦੇ ਸ਼ਹਿਰ ਦਾ
ਵਾਸੀ ਸੀ
ਜੰਗਲ ਪਾਰ ਕਰਕੇ
ਸ਼ੀਸ਼ੇ ਦੇ ਸ਼ਹਿਰ 'ਚ
ਜਾਣਾ ਚਾਹੁੰਦਾ ਸੀ

-0-

ਉਹ ਜੰਗਲ 'ਚ
ਤੁਰਦਾ ਤੁਰਦਾ
ਜੰਗਲ ਦੇ ਅੰਤਲੇ
ਸਿਰੇ ਤੇ ਪੁਜਾ
ਤਾਂ
ਉਸਨੇ ਵੇਖਿਆ
ਉਸਦੇ ਪਿੰਡੇ ਚੋਂ
ਟਹਿਣ ਉੱਗ ਆਏ ਹਨ
ਉਹ ਫੁੱਲ ਪਤੀਆਂ
ਨਾਲ ਭਰ ਗਿਆ ਹੈ
ਉਸਦੇ
ਪੈਰਾਂ ਚੋਂ ਜੜ੍ਹਾਂ

ਤੇ
ਸਿਰ ਚੋਂ ਛਾਵਾਂ ਉੱਗ
ਆਈਆਂ ਹਨ

-0-

ਉਸਦੀਆਂ
ਟਹਿਣੀਆਂ ਤੇ ਪੰਛੀਆਂ
ਆਲ੍ਹਣੇ ਪਾ ਲਏ
ਆਪਣੇ
ਗ੍ਰਹਿਸਤ ਵਸਾ ਲਏ ਹਨ .
ਉਸਨੂੰ
ਮਹਿਸੂਸ ਹੋਇਆ
ਉਹ
ਇਸ ਦੁਨੀਆਂ 'ਚ ਆ ਕੇ
ਜੋ ਜ਼ਿੰਦਗੀ ਤੋਂ
ਕੁੱਝ ਲੈ ਰਿਹਾ ਹੈ
ਤਾਂ ਜ਼ਿੰਦਗੀ ਨੂੰ
ਕੁੱਝ ਦੇ ਵੀ ਰਿਹਾ ਹੈ
ਉਹ ਪੰਛੀਆਂ ਦਾ
ਵੱਸਣ ਬਣ ਗਿਆ
ਤੇ ਜੰਗਲ 'ਚ ਰਹਿ ਗਿਆ

ਗੁਆਂਢੀ
ਰੁੱਖ ਨੇ ਉਸਨੂੰ ਪੁੱਛਿਆ
ਤੂੰ ਤਾਂ
ਸ਼ੀਸ਼ੇ ਦੇ ਸ਼ਹਿਰ ਦਾ ਵਾਸੀ ਹੈਂ
ਤੂੰ
ਕਿਵੇਂ ਜੰਗਲ ਨੂੰ
ਆਪਣਾ ਘਰ ਬਣਾਇਆ
ਹੈ
ਜੰਗਲ 'ਚ ਡੇਰਾ
ਲਾਇਆ ਹੈ
ਉਹ ਬੋਲਿਆ
ਸ਼ਹਿਰ ਮੇਰਾ ਵਸੇਰਾ ਸੀ
ਸ਼ਹਿਰ ਦੇ
ਵਸੇਰੇ ਦਾ ਕਰਜ਼ਾ
ਸਿਰ ਮੇਰੇ ਸੀ
ਹੁਣ
ਮੈਂ ਜਾਣਿਆ ਹੈ
ਵਸੇਰਾ ਮੰਗਣ ਤੇ
ਵਸੇਰਾ ਦੇਣ 'ਚ ਕੀ ਅੰਤਰ
ਹੈ

-0-

ਹੁਣ
ਮੈਂ ਪੰਛੀਆਂ ਦਾ
ਵਸੇਰਾ ਹਾਂ
ਘਰ ਹਾਂ
ਸ਼ੀਸ਼ੇ ਦੇ ਸ਼ਹਿਰ 'ਚ
ਸਰਾਪ ਸਾਂ
ਜੰਗਲ 'ਚ
ਜੰਗਲ ਦਾ ਵਰ ਹਾਂ
ਜੰਗਲ ਨੇ ਮੈਨੂੰ
ਵੱਸਣ ਤੇ ਵਸੇਰਾ
ਸਿਖਾਇਆ ਹੈ
ਮੈਂ ਆਪਣੇ ਜੀਵਨ ਦਾ
ਸੱਚ ਪਾਇਆ ਹੈ
ਸ਼ੀਸ਼ੇ ਦੀ ਨਗਰੀ ਨੂੰ
ਭੁੱਲਿਆ ਹਾਂ
ਆਪਣੀ ਦੇਹ 'ਚ
ਜੰਗਲ ਵਸਾਇਆ ਹੈ

----

## ਬੁੱਢਾ ਵਕਤ

ਮੈਂ ਬੁੱਢਾ ਵਕਤ ਹਾਂ
ਜੰਮਦਾ ਹੀ ਤੁਰਦਾ ਹਾਂ
ਅੱਗੇ ਵੱਲ
ਕਦੀ ਵੀ ਮੁੜ ਕੇ ਨਹੀਂ
ਤੱਕਿਆ ਪਿੱਛੇ ਵੱਲ

-0-

ਮੇਰੇ ਚੋਂ
ਜੰਗਲ ਜਨਮੇਂ ਹਨ
ਸ਼ਹਿਰ ਜਨਮੇਂ ਹਨ
ਮੈਂ ਪੱਥਰਾਂ ਤੋਂ ਸ਼ੀਸ਼ੇ
ਦਾ ਸਫ਼ਰ ਹਾਂ
ਕਈਆਂ
ਸੂਰਜਾਂ ਚੰਨਾਂ ਤਾਰਿਆਂ
ਦਾ
ਜਨਮ ਦਾਤਾ ਹਾਂ
ਕਈਆਂ ਸਦੀਆਂ
ਕਈਆਂ ਯੁੱਗਾਂ ਦੀ ਕਬਰ
ਹਾਂ ਮੈਂ

ਕਦੀ
ਆਪਣੀ ਧੂੰਨੀ ਚੋਂ
ਸਾਗਰ ਜਨਮੇਂ ਹਨ
ਕਦੀ ਮੇਰੇ ਮੁੱਖ ਚੋਂ
ਅਕਾਸ਼ ਦਾ ਆਗਾਜ਼
ਹੋਇਆ ਹੈ
ਕਦੀ
ਮੇਰੇ ਪੈਰਾਂ ਚੋਂ
ਧਰਤ ਦਾ ਪ੍ਰਕਾਸ਼ ਹੋਇਆ
ਹੈ

-0-

ਮੈਂ
ਜੰਗਲਾਂ 'ਚ ਤੁਰਿਆ ਹਾਂ
ਪਹਾੜਾਂ ਤੇ ਵੱਸਿਆ ਹਾਂ
ਸਾਗਰ ਨੂੰ ਤਰਿਆ ਹਾਂ
ਸਹਿਰਾ 'ਚ ਭਰਿਆ ਹਾਂ
ਮੈਂ ਧਰਤੀ
ਆਪਣੀ ਤਲੀ ਤੇ ਉਠਾਈ ਹੈ
ਅੰਬਰ
ਸਿਰ ਤੇ ਟਿਕਾਇਆ ਹੈ
ਮੈਂ ਪ੍ਰਿਥਵੀ ਤੇ

ਜੀਵਨ ਜਾਗ ਲਾਇਆ ਹੈ

-0-

ਦੁਨੀਆਂ ਦੇ
ਮੌਸਮ ਬਹਾਰਾਂ ਰੌਣਕਾਂ
ਸਭ ਮੇਰੇ ਮੁਥਾਜ਼ ਹਨ
ਵਿਸ਼ਵ ਦੇ ਪ੍ਰਾਣ
ਮੇਰੀ ਮੁੱਠੀ ਦੇ ਪਾਸ ਹਨ
ਹਵਾ ਅੱਗ ਜਲ
ਅਕਾਸ਼ ਤੇ ਧਰਤੀ
ਮੇਰੇ ਦਾਇਰੇ 'ਚ ਹਨ
ਮਨੁੱਖਤਾ ਦੇ
ਅੰਦਰ ਵੀ ਮੈਂ ਹਾਂ
ਦੁਆਲੇ ਵੀ ਮੈਂ ਹਾਂ
ਮਨੁੱਖ ਦਾ ਵਜ਼ੂਦ ਵੀ
ਮੈਂ ਹਾਂ
ਉੱਤਰ ਪੱਛਮ
ਪੂਰਬ ਦੱਖਣ
ਦੀ ਹੋਂਦ ਤੇ ਹਦੂਦ ਵੀ
ਮੈਂ ਹਾਂ

-0-

ਮੈਂ ਨਾ ਜਨਮਦਾ ਹਾਂ
ਨਾ ਮਰਦਾ ਹਾਂ
ਨਾ ਥੱਕਦਾ ਹਾਂ
ਨਾ ਭੁਰਦਾ ਹਾਂ
ਬਸ ਤੁਰਦਾ ਹਾਂ
ਮੈਂ ਆਪਣੇ ਵਜੂਦ 'ਚ
ਆਪ ਢਲਦਾ ਹਾਂ
ਕਦੀ ਬਚਪਨ
ਕਦੀ ਜਵਾਨੀ
ਕਦੀ ਬੁੱਢਾਪਾ ਲੱਗਦਾ ਹਾਂ
ਮੇਰਾ ਬੁੱਢਾਪਾ
ਕੋਈ ਦੇਸ਼ ਕੋਈ ਵੀ
ਸ਼ਹਿਰ
ਸਵੀਕਾਰਦਾ ਨਹੀਂ
ਕੋਈ ਵੀ
ਆਪਣੀ ਛਾਵੇਂ
ਬੁੱਢਾਪੇ ਨੂੰ ਬਿਠਾਉਂਦਾ
ਨਹੀਂ

-0-

ਇਹ ਮਨੁੱਖੀ ਰੂਪ ਹੈ
ਮੇਰਾ

ਦੁਨੀਆਂ 'ਚ
ਦੁਰਕਾਰਿਆ ਸਰੂਪ ਹੈ ਮੇਰਾ
ਮੇਰਾ ਬੁਢਾਪਾ
ਮੇਰੇ ਆਪਣੇ ਹੀ
ਘਰ ਤੋਂ ਬਾਹਰ ਕੱਢ ਕੇ
ਧਰ ਦਿੰਦੇ ਹਨ
ਕੋਈ ਵੀ ਮੈਨੂੰ
ਬਾਂਹ ਫੜ੍ਹਕੇ ਉਠਾਉਂਦਾ ਨਹੀਂ
ਆਪਣੇ ਗਲ ਨਾਲ
ਲਾਉਂਦਾ ਨਹੀਂ
ਮੇਰਾ ਬਚਪਨ ਵੀ
ਨਿਰੰਤਰ ਹੈ
ਜਵਾਨੀ ਵੀ
ਨਿਰੰਤਰ ਹੈ
ਬੁੱਢਾਪਾ ਵੀ
ਨਿਰੰਤਰ ਹੈ
ਨਿਰੰਤਰਤਾ ਦੀ ਗਤੀ ਚੋਂ
ਮੈਂ ਜਨਮ ਆਉਂਦਾ ਹਾਂ
ਬਚਪਨ ਤੋਂ ਬੁੱਢਾਪਾ
ਜਿਉਂਦਾ ਹਾਂ
ਬੁੱਢਾਪੇ ਤੋਂ ਬਚਪਨ
ਹੰਢਾਉਂਦਾ ਹਾਂ

-0-

ਇਹ ਜੰਗਲ ਸਾਗਰ
ਪਹਾੜ ਤੇ ਮਨੁੱਖ
ਜੋ ਮੇਰੇ ਵਜੂਦ ਚੋਂ
ਜਨਮਦੇ ਹਨ
ਮੇਰੇ ਵਜੂਦ 'ਚ ਸਾਹ
ਲੈਂਦੇ ਹਨ
ਮੇਰੇ ਦਿੱਤੇ ਪ੍ਰਾਣ ਹੰਢਾਉਂਦੇ
ਹਨ
ਬੁੱਢਾਪੇ 'ਚ
ਮੈਨੂੰ ਪਹਿਚਾਣਦੇ ਨਹੀਂ
ਇਹ ਅੰਦਰੋਂ
ਆਪਣੇ ਦਰ ਭੇੜ ਲੈਂਦੇ ਹਨ
ਨਾ ਅੰਦਰੋਂ ਬੋਲਦੇ ਹਨ
ਨਾ ਦਰ ਹੀ ਖੋਲਦੇ ਹਨ
ਮੈਂ ਬਾਹਰੋਂ ਪੁਕਾਰਦਾ
ਰਹਿੰਦਾ ਹਾਂ
ਮੈਂ ਬੁੱਢਾ ਸਮਾਂ ਹਾਂ
ਮੈਂ ਬੁੱਢਾ ਆਦਮੀ ਹਾਂ
ਸਮੇਂ ਦਾ ਪ੍ਰਤੀਕ ਹਾਂ
ਮੈਂ ਬੁੱਢਾ ਸਮਾਂ
ਮਨੁੱਖਤਾ ਦਾ ਯਥਾਰਥ ਹਾਂ

ਮੇਰੇ ਤਨ ਲਈ
ਕਪੜਾ ਦਿਓ
ਮੇਰੀ ਭੁੱਖ ਲਈ
ਰੋਟੀ ਦਿਓ
ਮੇਰੇ ਬੁੱਢਾਪੇ ਨੂੰ
ਆਪਣਾ ਨਾਂ ਦਿਓ
ਰਹਿਣ ਲਈ
ਕੋਈ ਥਾਂ ਦਿਓ

-0-

ਤੁਸੀਂ ਮੇਰੇ ਚੋਂ ਜਨਮੇਂ
ਰੁੱਖ ਹੋ
ਪਲ ਦੋ ਪਲ ਲਈ
ਆਪਣੇ ਰੁੱਖ ਦੀ ਉਧਾਰੀ
ਛਾਂ ਦਿਓ
ਮੈਂ ਤੁਹਾਡਾ ਸਿਮਰਨ ਹਾਂ
ਤੁਹਾਡੀ ਅਰਾਧਨਾ ਦਾ ਰੂਪ ਹਾਂ
ਮੈਂ ਮਨੁੱਖ ਹਾਂ ਸਮਾਂ ਹਾਂ
ਮੈਂ ਤੁਹਾਡੇ ਸੱਚ ਦਾ
ਸਰੂਪ ਹਾਂ

----

# ਜੀਵਨ

ਜ਼ਿੰਦਗੀ ਪੋਟਾ ਪੋਟਾ
ਹੈ
ਪੋਟਿਆਂ 'ਚ
ਮੈਂ ਜਿਉਂਦਾ ਹਾਂ
ਪੋਟਿਆਂ 'ਚ
ਤੂੰ ਜਿਉਂਦੀ ਹੈਂ
ਪਲ ਪਲ ਇਕੱਠਾ
ਕਰਦੇ ਹਾਂ
ਸਮਾਂ ਸਿਰਜਦੇ ਹਾਂ
ਘੁਰਾ ਘੁਰਾ
ਅੰਬਰ ਬੁਣਦੇ ਹਾਂ
ਚੱਪਾ ਚੱਪਾ ਧਰਤ
ਜੋੜਦੇ ਹਾਂ

-0-

ਫਿਰ
ਪਹਿਚਾਣ ਦੇ ਲਾਇਕ
ਇਹ
ਚਿਹਰਾ ਬਣਦਾ ਹੈ
ਪੋਟਾ ਪੋਟਾ ਕੱਚ ਜੋੜਦੇ ਹਾਂ
ਤਾਂ
ਦਰਪਣ ਬਣਦਾ ਹੈ

ਕਦੀ ਚਿਹਰਾ
ਦਰਪਣ ਨੂੰ ਗ਼ੈਰ ਲੱਗਦਾ ਹੈ
ਕਦੀ ਦਰਪਣ
ਚਿਹਰੇ ਨੂੰ ਗ਼ੈਰ ਲੱਗਦਾ ਹੈ
ਕਦੀ
ਦਰਪਣ ਤਿੜਕਦਾ ਹੈ
ਕਦੀ
ਧਰਤੀ ਬਰਫ਼ ਵਾਂਗ
ਜੰਮ ਜਾਂਦੀ ਹੈ
ਕਦੀ ਆਸਮਾਂ
ਅੱਗ ਵਾਂਗ ਪਿਘਲਦਾ ਹੈ
ਵਕਤ
ਇਸੇ ਤਰ੍ਹਾਂ ਹੀ ਗੁਜ਼ਰ
ਜਾਂਦਾ ਹੈ
ਗੁਜ਼ਰਦਾ ਹੈ

-0-

ਪਿੱਛੇ
ਰਹਿ ਜਾਂਦੀਆਂ ਹਨ
ਘਰਾਂ ਦੀਆਂ
ਉਦਾਸ ਕੰਧਾਂ

ਅੱਥਰੂ ਕੇਰਦੀਆਂ ਛੱਤਾਂ
ਉੱਜੜੇ ਚੌਂਕੇ
ਪਤਝੱੜ ਜ਼ਿਉਂਦੇ ਵਿਹੜੇ
ਤੇ ਬੂਹੇ ਦੀਆਂ
ਅੱਖ਼ਾਂ 'ਚ ਤਰਦਾ ਹੋਇਆ
ਮੁਰਦਾ ਜਿਸਮ
ਤੇਰਾ ਤੇ ਮੇਰਾ

-0-

ਜੇ ਕੋਈ ਚਿੱਠੀ
ਸੁੱਖ ਸਾਂਦ ਦੀ ਆਉਂਦੀ ਹੈ
ਤਾਂ ਰਸੀਦ ਨਹੀਂ ਹੁੰਦੀ
ਘਰ ਦੀ ਚੁੱਪ ਤੇ ਵੀਰਾਨੀ
ਬੋਲਦੀ ਹੈ
ਆਪਣਾ ਕੰਠ ਖੋਲ੍ਹਦੀ ਹੈ
ਡਾਕੀਏ ਨੂੰ ਦੱਸਦੀ ਹੈ
ਇਸ ਘਰ ਦੇ ਗੋਲੇ
ਕਬੂਤਰ
ਉੱਡ ਗਏ ਹਨ
ਉਨ੍ਹਾਂ ਹਨ੍ਹੇਰੀਆਂ ਤੂਫ਼ਾਨਾਂ
ਤੇ ਝੱਖੜਾਂ ਦੇ ਪਿੱਛੇ

ਜੋ ਆਏ
ਤੇ ਘਰ ਉਜਾੜ ਗਏ

-0-

ਜ਼ਿੰਦਗੀ ਪੋਟਾ ਪੋਟਾ ਹੈ
ਪੋਟਾ ਪੋਟਾ ਜੋੜ ਕੇ
ਕਦੀ ਅਸੀਂ
ਜ਼ਿੰਦਗੀ ਸਿਰਜਦੇ ਹਾਂ
ਕਦੀ
ਮੌਤ ਸਿਰਜਦੇ ਹਾਂ
ਸਾਡੀ ਤੇ ਸਮਰੱਥਾ
ਪੋਟਾ ਪੋਟਾ ਜੋੜਣ ਤਕ
ਦੀ ਹੈ
ਪੋਟਾ ਪੋਟਾ
ਵਜੂਦ ਦਾ ਰੂਪ ਧਾਰੇਗਾ
ਵਜੂਦ
ਜੋ ਸਾਡੀ
ਨਜ਼ਰ ਤੋਂ ਬਾਹਰ ਹੈ
ਸਾਨੂੰ ਜਿੰਨਾ ਨਜ਼ਰ
ਆਉਂਦਾ ਹੈ
ਓਨਾ ਹੀ ਸੱਚ ਹੈ
ਓਨਾ ਹੀ ਸਾਡਾ ਵਜੂਦ ਹੈ

-0-

ਅਸੀਂ
ਆਪਣੇ ਪੈਰਾਂ ਤੇ
ਕਿੰਨੀਆਂ ਵੀ ਅੱਖਾਂ ਲਾ
ਕੇ ਤੁਰੀਏ
ਹਨ੍ਹੇਰੇ ਦਾ ਕੀ ਪਤਾ
ਪੈਰਾਂ ਚੋਂ ਨਿਕਲ ਕੇ
ਕਦੀ ਸਿਰ 'ਚ ਆ ਉੱਤਰੇ
ਕੀ ਭਰੋਸਾ ਹੈ
ਨੈਣਾਂ ਦੇ ਸੂਰਜ ਦਾ
ਕਿ ਨੈਣਾਂ 'ਚ ਚੜ੍ਹੇ
ਤੇ ਨਜ਼ਰ 'ਚ ਡੁੱਬ ਜਾਏ .

-0-

ਅਸੀਂ ਤਾਂ
ਬੂੰਦ ਬੂੰਦ ਨਾਲ਼
ਸਾਗਰ ਭਰਦੇ ਹਾਂ
ਸਾਗਰ
ਸਹਿਰਾ 'ਚ ਬਦਲ ਜਾਏ
ਤਾਂ ਕੀ ਕਰੀਏ.
ਅਸੀਂ ਪ੍ਰਾਣ ਪ੍ਰਾਣ
ਉਮਰ ਦਾ ਪੰਧ ਮੁਕਾਉਂਦੇ ਹਾਂ
ਉਮਰ ਪ੍ਰਾਣ 'ਚ ਹੀ
ਢਲ ਜਾਏ

ਤਾਂ ਕੀ ਕਰੀਏ

-0-

ਸਾਡੀ ਬੂੰਦ-ਬੂੰਦ
ਪ੍ਰਾਣ ਪ੍ਰਾਣ ਸਮਰੱਥਾ
ਤੇ ਸ਼ਕਤੀ ਹੈ
ਨਾ ਬੂੰਦ ਦਾ ਕੋਈ ਸਾਗਰ ਹੈ
ਨਾ ਬੂੰਦ
ਸਾਗਰ ਦੀ ਹਸਤੀ ਹੈ
ਨਾ ਪ੍ਰਾਣ ਦੀ ਦੇਹ
ਨਾ ਦੇਹ ਪ੍ਰਾਣ ਦੀ ਬਸਤੀ ਹੈ
ਪਲ ਦਾ ਭਰੋਸਾ ਨਹੀਂ
ਨਾ ਦੇਹ ਦਾ
ਨਾ ਪ੍ਰਾਣ ਦਾ
ਨਾ ਆਪਣੇ ਚਿਹਰੇ ਦਾ
ਨਾ ਆਪਣੇ ਦਰਪਣ ਦਾ
ਨਾ ਆਪਣੀ
ਪਹਿਚਾਣ ਦਾ

-0-

ਜ਼ਿੰਦਗੀ
ਪੋਟਾ ਪੋਟਾ ਹੈ
ਪੋਟਿਆਂ 'ਚ ਮੈਂ ਜਿਉਂਦਾ ਹਾਂ
ਪੋਟਿਆਂ 'ਚ ਤੂੰ ਜਿਉਂਦੀ ਹੈ

----

## ਮਮਤਾ ਦਾ ਮੋਹ

ਤੂੰ
ਮੇਰੇ ਕੋਲੋਂ ਹਵਾ ਦੇ
ਬੁੱਲ੍ਹੇ ਵਾਂਗ ਗੁਜ਼ਰ ਗਿਆ
ਨਾ
ਮੈਨੂੰ ਪਹਿਚਾਣਿਆ
ਨਾ
ਮੇਰਾ ਹਾਲ ਹੀ ਪੁੱਛਿਆ
ਨਾ
ਆਪਣਾ ਦਰਦ ਹੀ
ਸੁਣਾਇਆ
ਨਾ
ਮੇਰਾ ਦਰਦ ਹੀ ਸੁਣਿਆ

-0-

ਮੈਂ
ਸਾਗਰ ਦੇ ਕਿਨਾਰੇ ਬੈਠਾ
ਤੈਨੂੰ ਲਹਿਰਾਂ 'ਚ ਭਾਲਦਾ
ਰਿਹਾ
ਦਿਸਹੱਦਿਆਂ ਤਕ ਫੈਲਿਆ
ਸਾਗਰ
ਆਪਣੀਆਂ ਨਜ਼ਰਾਂ 'ਚ
ਉਤਾਰਦਾ ਰਿਹਾ

ਕਿ ਤੂੰ ਹੁਣੇ ਹੀ ਲਹਿਰਾਂ ਚੋਂ
ਉਠ ਕੇ
ਮੇਰੇ 'ਚ ਉਤਰ ਜਾਵੇਂਗਾ
ਮੈਨੂੰ ਨਾਲ ਲੈ
ਸਮੁੰਦਰ 'ਚ
ਗੁਵਾਚੀ ਬੂੰਦ ਵਾਂਗ
ਗੁਵਾਚ ਜਾਵੇਂਗਾ

-0-

ਪਰ ਤੂੰ
ਕਿਤੇ ਵੀ ਨਹੀਂ ਸੈਂ
ਨਾ ਸਾਗਰ 'ਚ
ਨਾ ਜੰਗਲ 'ਚ
ਨਾ ਪਹਾੜਾਂ ਨਾ ਧਰਤੀ
ਨਾ ਅੰਬਰ 'ਚ
ਨਾ ਮੌਸਮਾਂ ਰੁੱਤਾਂ ਬਹਾਰਾਂ
ਚੋਂ ਹੀ
ਤੇਰੀ ਮਹਿਕ ਆਉਂਦੀ ਸੀ
ਨਾ ਫੁੱਲਾਂ ਦੇ ਰੰਗਾਂ
ਨਾ ਕਲੀਆਂ ਦੇ ਜੋਬਣ ਚੋਂ
ਹੀ ਤੇਰੀ ਝਲਕ
ਦਿੱਸਦੀ ਸੀ

-0-

ਪਤਾ ਨਹੀਂ
ਤੂੰ ਆਪਣੇ ਜਿਸਮ ਦੀ
ਪਹਿਚਾਣ
ਅਕਾਸ਼ ਅਕਾਸ਼ 'ਚ
ਹਵਾ ਹਵਾ 'ਚ
ਅੱਗਣ ਅੱਗਣ 'ਚ
ਜਲ ਜਲ 'ਚ
ਧਰਤ ਧਰਤ 'ਚ
ਉਤਾਰ ਦਿੱਤੀ ਸੀ
ਤੇਰਾ ਵਜ਼ੂਦ ਆਲੋਪ ਸੀ
ਮੈਂ
ਤੇਰੇ ਸਰੀਰ ਦੇ ਪੰਜ ਤੱਤ
ਇਕੱਠੇ ਕਰ ਨਹੀਂ ਸਕਦਾ
ਤੇਰਾ ਵਜ਼ੂਦ
ਸਿਰਜ ਨਹੀਂ ਸਕਦਾ
ਤੇਰੀ
ਪਹਿਚਾਣ ਜਨਮ ਨਹੀਂ
ਸਕਦਾ

-0-

ਪਰ ਤੂੰ ਜਿੱਥੇ ਵੀ ਹੈਂ
ਮੈਨੂੰ ਤਾਂ ਪਹਿਚਾਣ ਸਕਦਾ ਹੈਂ
ਮੈਂ
ਤੇਰੇ ਸਾਏ ਦਾ ਜਿਸਮ ਹਾਂ

ਤੇਰੀ ਭਾਲ 'ਚ
ਆਪਣੇ ਆਪ 'ਚ
ਗੁਆਚਾ ਹਾਂ
ਤੂੰ ਮੇਰੀ ਦੇਹ ਦਾ ਸੱਚ ਹੈਂ
ਮੈਂ ਤੇਰੇ ਬਿਨ
ਅਧੂਰਾ ਹਾਂ
ਮੈਂ ਉਹ ਦੀਪਕ ਹਾਂ
ਜਿਸ ਦੀ ਲੋਅ ਨਹੀਂ
ਮੈਂ ਸਿਰਫ਼
ਕਬਰ ਦੀ ਢੇਰੀ ਹਾਂ
ਮੇਰੇ 'ਚ ਜੇ ਤੂੰ ਨਹੀਂ

-0-

ਮੈਂ ਤੇਰੇ ਨੰਨ੍ਹੇ ਨੰਨ੍ਹੇ
ਪੈਰਾਂ 'ਚ ਵਿੱਛਿਆ ਰਹਾਂਗਾ
ਜਿਸਦੀ ਉਂਗਲ ਫੜ
ਤੂੰ ਤੁਰਨਾ ਸਿੱਖਿਆ ਸੀ
ਮੈਂ ਉਹ ਰੁੱਖ ਹਾਂ
ਤੇਰੇ ਬਿਨਾਂ
ਜੋ ਛਾਂ ਵਿਹੂਣਾ ਹੈ
ਮੈਂ ਉਹ ਕੰਧ ਹਾਂ
ਜਿਸ ਦੇ ਆਸਰੇ

ਤੂੰ ਪਹਿਲਾ ਕਦਮ
ਪੁੱਟਿਆ ਸੀ
ਮੈਂ ਉਹ ਵਿਹੜਾ ਹਾਂ
ਜਿਸ 'ਚ
ਸਾਉਣ ਦੀ ਪਹਿਲੀ
ਕਣੀ ਨੇ ਤੇਰਾ ਮੁੱਖ
ਚੁੰਮਿਆ ਸੀ
ਮੈਂ ਉਹ ਦਰ ਹਾਂ
ਜੋ ਤੇਰੇ ਜਾਣ ਪਿਛੋਂ
ਹੁਣ ਤੱਕ ਵੀ ਖੁੱਲ੍ਹਾ ਹੈ
ਮੈਂ ਉਹ ਛੱਤ ਹਾਂ
ਜੋ ਮੀਂਹ ਕਣੀ ਹਨ੍ਹੇਰੀਆਂ
ਝੱਖੜਾਂ 'ਚ
ਤੈਨੂੰ ਢੱਕ ਲੈਂਦੀ ਸੀ

–0–

ਮੈਂ ਉਹੀ ਹਾਂ
ਜੋ ਆਪਣਾ ਆਪਾ
ਤੇਰੇ ਦੁਆਲੇ ਓੜ ਲੈਂਦਾ ਸਾਂ
ਤੇਰੇ ਵੱਲ ਆਉਂਦੀਆਂ
ਤੱਤੀਆਂ ਹਵਾਵਾਂ
ਮੋੜ ਦਿੰਦਾ ਸਾਂ

ਅੱਜ ਮੈਂ
ਤੇਰੀ ਰੌਣਕ ਬਿਨਾਂ
ਖੰਡਰ ਹਾਂ
ਤਿੜਕਿਆ ਬੁੱਤ ਹਾਂ
ਉਜੜਿਆ ਮੰਦਰ ਹਾਂ

-0-

ਤੂੰ
ਮੇਰੀ ਆਗੋਸ਼ 'ਚ
ਜੰਮਿਆਂ ਪਲਿਆ
ਜਵਾਨ ਹੋਇਆ
ਮੈਂ ਵੀਰਯ ਦੇ ਕਤਰੇ ਤੋਂ
ਕੁੱਖ 'ਚ
ਤੇਰੇ ਵਜ਼ੂਦ ਤਕ ਦਾ
ਸਫ਼ਰ ਹਾਂ
ਤੇਰੀ ਜ਼ੁਬਾਨ ਤੋਂ
ਪਹਿਲੀ ਵਾਰੀ ਨਿਕਲਿਆ
ਉਹ ਹਰਫ਼ ਹਾਂ
ਮੈਂ ਤੇਰੀ ਮਨਫ਼ੀ ਨਹੀਂ
ਤੇਰੀ ਜ਼ਰਬ ਹਾਂ
ਮੈਂ ਤੇਰੇ ਆਗਮਨ ਦੀ

ਧਰਤੀ ਤੋਂ ਅੰਬਰ ਤੱਕ
ਗੂੰਜਦੀ ਖ਼ਬਰ ਹਾਂ
ਜੋ ਤੇਰੇ ਜਨਮ ਤੇ
ਮੇਰੇ ਕੰਠ ਚੋਂ ਜਨਮੀ ਸੀ
ਜੋ ਅੱਲ੍ਹਾ ਦੀ ਰਹਿਮਤ ਸੀ
ਅੱਲ੍ਹਾ ਦੀ ਮਰਜ਼ੀ ਸੀ

-0-

ਇਹ
ਮਮਤਾ ਦਾ ਮੋਹ ਹੈ
ਜੋ ਤੈਨੂੰ
ਸਦਾ ਉਡੀਕਦਾ ਰਹੇਗਾ
ਮਰਨ ਤੋਂ ਪਿੱਛੋਂ ਵੀ
ਅੱਖਾਂ ਬੂਹੇ ਤੇ ਟੰਗ ਜਾਵੇਗਾ
ਅੱਖਾਂ ਨੂੰ ਸਦਾ ਲਈ
ਖੁੱਲ੍ਹੀਆਂ ਰਹਿਣ ਦਾ
ਦੇ ਵਰ ਜਾਵੇਗਾ

-0-

## ਨਦੀ ਤੇ ਪੁਲ

ਇਸ ਨਦੀ ਤੇ
ਸ਼ਬਦਾਂ ਨੇ
ਜੋ ਸ਼ਬਦਾਂ ਦਾ ਪੁਲ
ਬੰਨ੍ਹਿਆ ਹੈ
ਸ਼ਬਦਾਂ ਦੇ ਅਰਥ
ਨਦੀ 'ਚ ਵਹਿ ਗਏ
ਤੇ
ਨਦੀ ਕਿਨਾਰੇ
ਅਰਥਾਂ ਦੇ ਹਰਿਆਵਲੇ
ਰੁੱਖ ਉੱਗ ਆਏ
ਅਰਥਾਂ ਦੇ ਰੁੱਖਾਂ ਦੇ ਸਾਏ
ਨਦੀ 'ਚ ਤਰਦੇ ਹਨ
ਆਪਣੀ ਜੜ੍ਹ ਤਕ
ਜਾਣਾ ਚਾਹੁੰਦੇ ਹਨ
ਆਪਣੇ ਸੱਚ ਦਾ ਮੁੱਲ
ਪਾਉਣਾ ਚਾਹੁੰਦੇ ਹਨ

-0-

ਪੁਲ ਦਾ ਸਾਇਆ
ਨਦੀ ਦਾ ਪਿੰਡਾ ਤਰਦਾ ਹੈ
ਆਪਣੇ ਚੋਂ
ਚੋ ਗਏ ਅਰਥਾਂ ਦੇ

ਵਜੂਦ ਭਾਲਦਾ ਹੈ
ਨਦੀ ਨੂੰ ਪੁੱਛਦਾ ਹੈ
ਮੇਰੇ ਅਰਥ
ਮੇਰੇ ਬੱਚੇ
ਜੋ ਮੇਰੇ ਤੋਂ ਵਿਛੜ
ਗਏ ਸਨ
ਕਿੱਥੇ ਹਨ
ਹੁਣ ਤਾਂ ਜਵਾਨ ਹੋ ਗਏ
ਹੋਣਗੇ
ਮੇਰਾ ਸ਼ਬਦੀ ਵਜੂਦ
ਉਨ੍ਹਾਂ ਨੂੰ ਯਾਦ ਕਰਦਾ ਹੈ
ਅੱਖਾਂ 'ਚ ਅੱਥਰੂ ਭਰਦਾ ਹੈ
ਉਹ ਵੀ
ਮੈਨੂੰ ਯਾਦ ਕਰਦੇ ਹਨ
ਕਿ ਨਹੀਂ
ਮੈਨੂੰ ਮਿਲਣ ਲਈ
ਤਰਸਦੇ ਹਨ ਕਿ ਨਹੀਂ

-0-

ਨਦੀ ਬੋਲੀ
ਆ ਵਿਖਾਵਾਂ
ਉਹ ਮੇਰਿਆਂ ਕੰਢਿਆਂ ਤੇ

ਹੱਸਦੇ ਵੱਸਦੇ
ਤੇ ਕਿੰਨੇ ਖੁਸ਼ ਰਹਿੰਦੇ ਹਨ
ਕਿੰਨੇ ਪੰਛੀ
ਉਨ੍ਹਾਂ ਦੀ ਆਗੋਸ਼ 'ਚ
ਪਲਦੇ ਹਨ
ਕਿੰਨਾ ਜੀਵਨ
ਉਨ੍ਹਾਂ 'ਚ ਵੱਸਦਾ ਹੈ
ਉਹ ਆਉਂਦੇ ਜਾਂਦੇ
ਸ਼ਬਦਾਂ ਨੂੰ
ਆਪਣੀ ਛਾਵੇਂ ਬਿਠਾਉਂਦੇ
ਹਨ
ਆਪਣੇ ਮਿੱਠੇ ਫੱਲ
ਖਵਾਉਂਦੇ ਹਨ
ਮੀਂਹ ਕਣੀ 'ਚ
ਮੁਸਾਫ਼ਰਾਂ ਦਾ ਆਸਰਾ ਹਨ
ਮੇਰੇ ਜਲ ਤੇ ਮੇਰੇ ਨਾਲ
ਬੜੇ ਹੀ ਰਾਫ਼ਤਾ ਹਨ

-0-

ਪਰ ਜਦ ਕਦੀ ਵੀ
ਮੇਰੇ ਜਲ 'ਚ
ਆਪਣੇ ਪ੍ਰਛਾਵੇਂ ਤੱਕਦੇ ਹਨ

ਅੱਥਰੂ ਕੇਰਦੇ ਹਨ
ਤੇ
ਉਦਾਸ ਲੱਗਦੇ ਹਨ
ਪਾਣੀ 'ਚ
ਅਰਥਾਂ ਦੇ ਸਾਏ
ਆਪਣੇ ਸ਼ਬਦਾਂ ਦੇ
ਵਜ਼ੂਦ ਫੜਦੇ ਹਨ
ਰੋਂਦੇ ਹਨ ਤੇ ਤੈਨੂੰ
ਯਾਦ ਕਰਦੇ ਹਨ

-0-

ਉਂਜ
ਤੂੰ ਹਰ ਰਾਹੀ ਨੂੰ ਜਿਵੇਂ
ਆਪਣੇ ਸਹਾਰੇ
ਮੇਰੇਂ ਤੋਂ ਪਾਰ ਲਾਉਂਦਾ ਹੈਂ
ਦਯਾ ਕਲਿਆਣ
ਤੇ ਮਿਲਾਪ ਦਾ ਪੁੰਜ
ਕਹਾਉਂਦਾ ਹੈਂ
ਇੰਜ ਹੀ
ਤੇਰੇ ਅਰਥ ਵੀ
ਸੱਚ ਸੁੰਦਰਤਾ ਕਲਿਆਣ
ਦਾ ਰੂਪ ਹਨ

ਆਪਣੇ ਪਿੰਡੇ ਤੇ
ਹਨ੍ਹੇਰੀਆਂ ਝੱਖੜਾਂ ਤੂਫ਼ਾਨ
ਬਾਰਸ਼ਾਂ ਤੇ ਧੁੱਪਾਂ ਸਹਾਰਦੇ
ਕਠਨ ਤੇ ਸੰਘਰਸ਼ਮਈ
ਜੀਵਨ ਜਿਉਂਦੇ ਹਨ
ਸੁੱਖ ਸ਼ਾਂਤੀ ਪਿਆਰ ਦਯਾ
ਤੇ ਖ਼ੁਸ਼ੀਆਂ ਵਰਤਾਉਂਦੇ ਹਨ

-0-

ਜੀਵਨ ਦਾ ਕੋਹੜ
ਆਪਣੇ ਪਿੰਡੇ 'ਚ
ਉਤਾਰਦੇ ਹਨ
ਜੀਵਨ ਨੂੰ ਰੂਪ ਰੰਗ
ਖ਼ੁਸ਼ਬੂਆਂ ਨਾਲ
ਸ਼ਿੰਗਾਰਦੇ ਹਨ
ਤੇਰੇ ਵਾਂਗ ਹੀ
ਜੀਵਨ ਦਾ ਜੱਸ ਖੱਟਦੇ ਹਨ
ਜੀਵਨ ਨੂੰ ਗਤੀ
ਬਖ਼ਸ਼ਦੇ ਹਨ
ਰਿਸ਼ਟ ਪੁਸ਼ਟ ਰੱਖਦੇ ਹਨ

-0-

ਨਦੀ ਤੋਂ
ਅਰਥਾਂ ਦੇ ਕਾਰਜ ਕਰਮ

ਜੀਵਨ ਨੂੰ ਅਰਥਾਂ ਦੀ
ਦੇਣ ਬਾਰੇ ਸੁਣਕੇ
ਪੁਲ ਨੇ ਬੜੀ ਖ਼ੁਸ਼ੀ
ਪਾਈ
ਬੜਾ ਸਕੂਨ ਪਾਇਆ
ਮੇਰੇ ਬੱਚੇ
ਧਰਤੀ ਤੇ ਵੱਸਣ
ਮੈਨੂੰ ਫ਼ਖ਼ਰ ਹੈ
ਇਹ ਦਯਾ ਸੱਚ
ਸੁੰਦਰਤਾ ਕਲਿਆਣ ਦੇ
ਪੈਗੰਬਰ ਹਨ
ਸੁੱਖ ਸ਼ਾਤੀ ਤੇ ਅਮਨ
ਦੇ ਸੁਨੇਹੇ ਹਨ

-0-

ਮੈਨੂੰ ਯਕੀਨ ਹੈ
ਇਹ ਜਿੱਥੇ ਵੀ ਵੱਸਣਗੇ
ਮੇਰਾ ਨਾਮ
ਰੌਸ਼ਨ ਕਰਨਗੇ
ਨੇਕੀ ਦੇ ਜਨਮ ਦਾਤੇ
ਅਖਵਾਉਣਗੇ
ਇਹ ਮੇਰੇ ਤੋਂ

ਜਿੰਨਾ
ਮਰਜ਼ੀ ਦੂਰ ਵੱਸਣ
ਮੈਨੂੰ
ਕੋਈ ਗ਼ਮ ਨਹੀਂ
ਇਨ੍ਹਾਂ ਦੀ ਨੇਕੀ ਤੇ ਖ਼ੁਸ਼ੀ
ਮੇਰੇ ਲਈ ਕਮ ਨਹੀਂ

-0-

ਪੁਲ ਹੁਣ
ਸੁੱਖ ਸ਼ਾਂਤੀ ਦਾ ਜੀਵਨ
ਬਿਤਾ ਰਿਹਾ ਹੈ
ਆਪਣੇ ਮੁਸਾਫਿਰਾਂ ਨੂੰ
ਨਦੀ ਪਾਰ ਕਰਵਾ
ਰਿਹਾ ਹੈ
ਆਪਣੀ ਕਿਰਤ ਚੋਂ
ਆਪਣੇ ਅਰਥਾਂ ਦੇ
ਦੀਦਾਰ ਪਾ ਰਿਹਾ ਹੈ
ਨਦੀ ਚੋਂ
ਅਰਥਾਂ ਦੇ ਪ੍ਰਛਾਵੇਂ ਤੱਕਦਾ ਹੈ
ਸੁੱਖ ਦਾ ਸਾਹ ਲੈਂਦਾ ਹੈ
ਦਾਤੇ ਦਾ ਸ਼ੁਕਰ ਕਰਦਾ ਹੈ

----

## ਮੁਹੱਬਤ

ਤੂੰ
ਮੈਨੂੰ ਮਿਲਣਾ ਚਾਹੁੰਦੀ ਹੈਂ
ਤਾਂ ਮਿਲ
ਪਰ ਮਿਲਣ ਤੋਂ ਪਿੱਛੋਂ
ਤੇਰੇ ਕੋਲ
ਕੁੱਝ ਨਾ ਰਹੇ
ਮਿਲ ਕੇ
ਤੇਰੇ ਵਿਚਾਲੇ ਕੁੱਝ ਨਾ ਰਹੇ
ਨਾ ਆਸਮਾਨ
ਨਾ ਹਵਾ ਅੱਗ ਜਲ
ਨਾ ਧਰਤ ਹੀ ਰਹੇ
ਜੋ ਕੁੱਝ ਵੀ ਰਹੇ
ਤੇਰੇ ਤੇ ਮੇਰੇ ਸਿਵਾ
ਕੁੱਝ ਨਾ ਰਹੇ

-0-

ਤੂੰ
ਜੇ ਮੇਰੇ ਨਾਂਲ ਜਿਉਣਾ
ਚਾਹੁੰਦੀ ਹੈਂ
ਤਾਂ ਜੀਅ ਸਿਰਫ਼ ਜੀਅ
ਜੀਅ ਕੇ

ਮਰਨ ਦੀ ਇੱਛਾ ਨਾ ਰਹੇ
ਜੇ ਮੇਰੇ ਨਾਲ ਮਰਨਾ
ਚਾਹੁੰਦੀ ਹੈਂ
ਤਾਂ ਮਰ ਸਿਰਫ਼ ਮਰ
ਕਿ ਮਰਨ ਤੋਂ ਪਿੱਛੋਂ
ਜਿਉਣ ਦੀ
ਇੱਛਾ ਨਾ ਰਹੇ

-0-

ਮੈਨੂੰ
ਜੇ ਤੱਕਣਾ ਹੈ
ਤਾਂ ਤੱਕ ਸਿਰਫ਼ ਤੱਕ
ਨਜ਼ਰਾਂ ਚੋਂ
ਦਿਲ 'ਚ ਉਤਾਰ ਲੈ
ਅੱਖ਼ਾਂ 'ਚ
ਹੰਝੂਆਂ ਵਾਂਗ ਢਾਲ ਲੈ
ਤੱਕ
ਕਿ ਫਿਰ ਹੋਰ ਤੱਕਣ ਦੀ
ਇੱਛਾ ਨਾ ਰਹੇ
ਦਿਲ 'ਚ ਵਸ ਇਸ ਤਰ੍ਹਾਂ
ਕਿ ਦਿਲ 'ਚ

ਕੋਈ ਜਗ੍ਹਾ ਨਾ ਰਹੇ

-0-

ਤੂੰ
ਜੇ ਮੈਨੂੰ ਕੁੱਝ ਕਹਿਣਾ ਹੈ
ਤਾਂ ਕਹਿ ਸਿਰਫ਼ ਕਹਿ
ਕਿ ਕਹਿਣ ਤੋਂ ਪਿੱਛੋਂ
ਤੇਰੇ ਕੋਲ
ਕਹਿਣ ਲਈ ਕੁੱਝ ਨਾ ਰਹੇ

-0-

ਮੁਹੱਬਤ ਹੈ
ਤਾਂ ਮੁਹੱਬਤ ਕਰ
ਸਿਰਫ਼ ਮੁਹੱਬਤ
ਕਿ ਮੁਹੱਬਤ ਕਰਨ ਪਿਛੋਂ
ਤੇਰੇ ਕੋਲ
ਕਰਨ ਲਈ
ਕੁੱਝ ਨਾ ਰਹੇ

-0-

ਨਫ਼ਰਤ ਕਰਨੀ ਹੈ
ਤਾਂ ਨਫ਼ਰਤ ਕਰ
ਸਿਰਫ਼ ਨਫ਼ਰਤ

ਕਿ ਨਫ਼ਰਤ ਕਰਨ
ਪਿੱਛੋਂ
ਤੇਰੇ 'ਚ ਨਫ਼ਰਤ ਦਾ
ਜਜ਼ਬਾ ਨਾ ਰਹੇ

-0-

ਜੇ ਤੂੰ
ਆਪਣੀ ਨਦੀ
ਮੇਰੇ ਸਾਗਰ 'ਚ ਉਤਾਰਨੀ
ਹੈ
ਤਾਂ ਉਤਾਰ
ਨਦੀ ਸਾਗਰ 'ਚ ਉਤਾਰਨ
ਪਿੱਛੋਂ
ਤੇਰੇ 'ਚ
ਪਿਆਸ ਤੋਂ ਬਿਨਾਂ
ਕੁੱਝ ਨਾ ਰਹੇ
ਮੈਂ
ਜੇ ਆਪਣਾ ਸਾਗਰ
ਤੇਰੀ ਨਦੀ 'ਚ ਉਤਾਰਾਂ
ਤਾਂ
ਮੇਰੇ ਕੋਲ ਸਹਿਰਾ ਤੋਂ
ਸਿਵਾ ਕੁੱਝ ਨਾ ਰਹੇ

-0-

ਆਪਣੀ ਪੂਰਨਤਾ
ਮੇਰੀ
ਪੂਰਨਤਾ 'ਚ ਉਤਾਰ ਦੇ
ਤੇਰੇ ਕੋਲ ਕੁੱਝ ਵੀ
ਤੇਰਾ ਨਾ ਰਹੇ
ਮੈਂ ਆਪਣੀ ਪੂਰਨਤਾ
ਤੇਰੀ ਪੂਰਨਤਾ 'ਚ ਧਰਾਂ
ਤਾਂ
ਮੇਰੇ ਕੋਲ ਕੁੱਝ ਵੀ ਮੇਰਾ ਨਾ ਰਹੇ

-0-

ਮੁਹੱਬਤ
ਆਪਣੀ ਆਪਣੀ
ਧਰਤੀ ਤਿਆਗ ਕੇ
ਇਕ ਦੂਜੇ ਦੀ ਧਰਤੀ 'ਚ
ਉੱਗਣਾ ਹੈ
ਜਿੱਥੇ ਮੇਰੀ ਧਰਤੀ ਦਾ
ਮੈਨੂੰ
ਤੇਰੀ ਧਰਤੀ ਦਾ ਤੈਨੂੰ
ਮੋਹ ਨਾ ਰਹੇ
ਅਹਿਸਾਸ ਨਾ ਰਹੇ

----

## ਤਲਾਕ

ਅਸੀਂ
ਇਕ ਘਰ 'ਚ
ਰਹਿੰਦੇ ਵੀ
ਕਮਰਿਆਂ 'ਚ ਤਕਸੀਮੇਂ
ਪਏ ਹਾਂ
ਦੂਰੀਆਂ ਜਨਮ ਰਹੇ ਹਾਂ
ਫ਼ਾਸਲੇ ਜਿਉ ਰਹੇ ਹਾਂ
ਫ਼ਾਸਲੇ
ਹੰਢਾ ਰਹੇ ਹਾਂ

-0-

ਜਦ ਕਦੀ
ਬਾਰੀ ਚੋਂ ਤੂੰ
ਮੈਨੂੰ ਝਾਕਦੀ ਹੈਂ
ਨਜ਼ਰ ਨਾਲ ਨਜ਼ਰ
ਮਿਲਦੀ ਹੈ
ਤਾਂ ਮੈਨੂੰ
ਤੇਰੀਆਂ ਨਜ਼ਰਾਂ ਚੋਂ
ਫ਼ਾਸਲੇ ਜਨਮਦੇ
ਦਿੱਸਦੇ ਹਨ
ਤੇ ਮੇਰੀਆਂ ਨਜ਼ਰਾਂ 'ਚ
ਜਵਾਨ ਹੁੰਦੇ ਲੱਗਦੇ ਹਨ

-0-

ਇਹ ਦੂਰੀਆਂ
ਇਹ ਫ਼ਾਸਲੇ ਸਾਡੇ 'ਚ
ਬਾਹਰੋਂ ਤਾਂ ਨਹੀਂ ਆਏ
ਅਸੀਂ
ਆਪਣੇ ਆਪ ਚੋਂ ਜਨਮੇ
ਹਨ
ਤੂੰ ਆਪਣੇ ਚਿਹਰੇ ਚੋਂ
ਮੇਰੇ ਲਈ
ਆਪਣੀ ਪਿੱਠ ਨੂੰ
ਜਨਮਿਆਂ
ਮੈਂ ਆਪਣੇ ਚਿਹਰੇ ਚੋਂ
ਤੇਰੇ ਲਈ
ਆਪਣੀ ਪਿੱਠ ਨੂੰ
ਜਨਮਿਆਂ
ਅਸੀਂ ਪਿੱਠਾਂ ਦੇ ਕੇ
ਇਕ ਦੂਜੇ ਦੇ ਵਿਪਰੀਤ
ਤੁਰੇ
ਤੇ
ਆਪਣੇ ਆਪਣੇ
ਫ਼ਾਸਲਿਆਂ 'ਚ
ਗੁਆਚ ਗਏ

ਮੈਂ
ਆਪਣੇ ਵਿਹੜੇ
ਖਿੜੀ ਕਲੀ ਤੋਂ ਪਰਾਇਆ
ਹੋ ਗਿਆ
ਤੂੰ ਤੇ ਮੇਰੀ ਨੰਨ੍ਹੀ ਕਲੀ
ਮੇਰਿਆਂ ਹੱਥਾਂ
ਦੀਆਂ ਛਾਵਾਂ ਹੇਠੋਂ ਫ਼ਿਸਲ
ਗਈਆਂ

-0-

ਕਾ.ਗਜ਼ ਦੇ ਟੁੱਕੜਿਆਂ ਤੇ
ਸਾਡੇ ਆਪਣੇ ਆਪਣੇ
ਹਸਤਾਖ਼ਸ਼ਰ
ਸਾਡੇ 'ਚ ਕੰਧਾਂ ਉੱਗਾ ਗਏ
ਤੇ
ਸਾਡੇ ਲਹੂ ਦੇ ਰਿਸ਼ਤੇ
ਖਾ ਗਏ

-0-

ਪਹਿਲਾਂ ਅਸੀਂ
ਆਪਣਾ ਅਜ਼ਨਬੀਪਣ
ਫ਼ਾਸਲੇ ਤੇ ਦੂਰੀਆਂ

ਹੰਢਾਉਂਦੇ ਸਾਂ
ਹੁਣ ਇਹ ਕਮਰੇ ਛੱਤਾਂ
ਇਹ ਬੂਹੇ ਬਾਰੀਆਂ
ਇਹ ਘਰ
ਘਰ ਦਾ ਯਾਰਡ
ਆਪਣੇ ਚੋਂ
ਆਪਣਾ ਅਜ਼ਨਬੀਪਣ
ਉੱਗਾਉਂਦੇ
ਤੇ ਹੰਢਾਉਂਦੇ ਹਨ

-0-

ਤੇਰੀ
ਸਬਜ਼ੀਆਂ ਫੁੱਲਾਂ ਬੂਟਿਆਂ
ਦੀ ਕਿਆਰੀ ਵੱਖਰੀ ਹੈ
ਮੇਰਾ
ਦਲਾਨ ਵੱਖਰਾ ਹੈ
ਪਿੱਛੋਂ
ਤਾਂ ਪਾਣੀ ਦਾ ਚਸ਼ਮਾ
ਇਕੋ ਹੈ
ਪਿੱਛੋਂ ਤਾਂ ਰੌਸ਼ਨੀ ਦੀ
ਇਕੋ ਧਾਰਾ ਹੈ

ਪਰ
ਇਸ ਘਰ 'ਚ ਆ ਕੇ
ਪਾਣੀ ਤੇ ਬਿਜਲੀ
ਤਕਸੀਮੇਂ ਜਾਂਦੇ ਹਨ
ਪਾਣੀ ਤੇ ਰੌਸ਼ਨੀ
ਤੇਰੇ ਮੇਰੇ 'ਚ ਵੰਡੇ ਜਾਂਦੇ
ਹਨ

-0-

ਚੰਗਾ ਸੀ
ਮੇਰਾ ਆਸਮਾਨ
ਤੇਰੀ ਧਰਤੀ ਨੂੰ
ਕਦੀਂ ਨਾ ਮਿਲਦਾ
ਵਿੱਥਾਂ ਤੇ ਰਹਿੰਦੇ ਤਾਂ
ਕਸ਼ਿਸ਼ ਰਹਿਣੀ ਸੀ
ਹੁਣ
ਮਿਲਕੇ ਵਿੱਥਾਂ ਉੱਗਾਈਆਂ
ਹਨ
ਮੇਰੇ ਅੰਬਰ ਦੇ ਮੂੰਹ ਤੇ
ਉਜਾੜਾਂ ਹਨ
ਤੇਰੀ ਧਰਤੀ ਤੇ

ਤ੍ਰੇੜਾਂ
ਜਨਮ ਆਈਆਂ ਹਨ

-0-

ਅਸੀਂ
ਇਕ ਘਰ 'ਚ ਰਹਿੰਦੇ ਵੀ
ਕਮਰਿਆਂ 'ਚ
ਤਕਸੀਮੇਂ ਪਏ ਹਨ
ਦੂਰੀਆਂ ਜਨਮ ਰਹੇ ਹਾਂ
ਫ਼ਾਸਲੇ ਜਿਓ ਰਹੇ ਹਾਂ
ਹੰਢਾ ਰਹੇ ਹਾਂ

----

## ਮੈਂ ਤੇ ਚੀਖ਼

(ਇਕ ਪੇਂਟਿੰਗ ਤੋਂ ਪ੍ਰਭਾਵਿਤ ਹੋ ਕੇ)

ਮੇਰੇ ਅੰਦਰੋਂ
ਇਕ ਚੀਖ਼ ਉੱਠਦੀ ਹੈ
ਤੇ ਅੰਦਰ ਹੀ
ਜੰਮ ਜਾਂਦੀ ਹੈ
ਅੰਦਰੋਂ ਹੀ ਜਨਮਦੀ ਹੈ
ਅੰਦਰ ਹੀ
ਗੁਵਾਚ ਜਾਂਦੀ ਹੈ
ਮੇਰੀ ਚੀਖ਼ ਦੇ
ਗੁਵਾਚੇ ਚਿਹਰੇ ਚੋਂ
ਸ਼ਬਦ ਲੱਭਦੇ ਹਨ
ਇਹ ਚੀਖ਼
ਮੇਰੇ ਅੰਦਰੋਂ ਆਈ ਹੈ
ਜਾਂ
ਬਾਹਰੋਂ ਮੇਰੇ ਅੰਦਰ
ਸਮਾਈ ਹੈ
ਇਹ ਚੀਖ਼
ਮੇਰੀ ਹੈ
ਜਾਂ ਪਰਾਈ ਹੈ

-0-

ਜੇ ਚੀਖ਼ ਬਾਹਰੋਂ
ਮੇਰੇ ਅੰਦਰ ਪ੍ਰਵੇਸ਼
ਕੀਤੀ ਹੈ
ਤਾਂ
ਬਾਹਰ ਦੀ ਸਮੱਗਰੀ
'ਚ ਕੀ ਸੀ
ਜੋ ਮੇਰੀ ਚੇਤਨਾ ਤੋਂ
ਵੱਖਰਾ ਸੀ
ਮੇਰੇ ਅਨੁਭਵ ਲਈਂ
ਅਚੰਭਾ ਸੀ
ਜੇ ਚੀਖ਼
ਅੰਦਰੋਂ ਹੀ ਉੱਠੀ ਹੈ
ਤਾਂ ਸਾਏ ਤੋਂ ਸਿਵਾ
ਕੌਣ ਸੀ
ਜੋ ਮੇਰੇ ਲਹੂ 'ਚ ਤੁਰਿਆ ਹੈ
ਮਸਤਕ 'ਚੋਂ
ਫੈਲਿਆ ਹੈ
ਤੇ ਕੰਠ ਤੋਂ
ਜ਼ੁਬਾਨ ਤਕ ਆਉਂਦਾ
ਆਉਂਦਾ
ਵਜੂਦ ਰਹਿਤ ਹੋ ਗਿਆ ਹੈ

-0-

ਜੋ ਨਾ ਚੁੱਪ ਹੀ ਬਣਿਆ
ਨਾ ਸ਼ੋਰ ਹੀ ਹੋਇਆ
ਨਾ ਬੋਲ ਹੀ ਹੋਇਆ

-0-

ਮੇਰੇ ਅੰਦਰ
ਸ਼ਹਿਰ ਵੀ ਹੈ
ਜੰਗਲ ਵੀ ਹੈ
ਸੁਰ ਵੀ ਹੈ ਸ਼ੋਰ ਵੀ ਹੈ
ਮੇਰੇ ਅੰਦਰ
ਪੱਥਰ ਟੁੱਟਦੇ ਹਨ
ਤਰਦੇ ਹਨ ਉੱਡਦੇ ਹਨ
ਮੇਰੇ
ਬਾਹਰ ਜੰਗਲ ਤੁਰਦੇ
ਹਨ
ਪਹਾੜ ਤੁਰਦੇ ਹਨ
ਮੇਰੇ ਬਾਹਰ
ਸੂਰਜ ਚੰਨ ਤਾਰੇ
ਧਰਤ ਤੋਂ ਜਨਮਦੇ ਹਨ
ਮੇਰੇ ਅੰਦਰ
ਕਪਾਹ ਕਣਕ ਚੌਲ ਬਾਜਰਾ
ਮੱਕੀ

ਅੰਬਰ 'ਚ ਉੱਗਦੇ ਹਨ

-0-

ਮੇਰੇ ਅੰਦਰ
ਦੇਸ਼ ਵੀ ਹਨ ਫੌਜਾਂ ਵੀ
ਹਨ
ਸਰਹੱਦਾਂ ਵੀ ਹਨ
ਵਿੱਥਾਂ ਵੀ ਹਨ ਕੰਧਾਂ ਵੀ
ਹਨ
ਮਨੁੱਖਾਂ ਦੇ ਚਿਹਰੇ ਤਾਂ ਹਨ
ਪਰ ਮਨੁੱਖ ਕੋਈ ਨਹੀਂ

-0-

ਸ਼ਾਇਦ
ਮੈਂ ਚਿਹਰਿਆਂ ਦੇ ਜੰਗਲ
ਚੋਂ
ਮਨੁੱਖ ਤੱਕਿਆ ਹੈ
ਜੋ ਮੇਰੇ ਅੰਦਰ ਵੀ ਨਹੀਂ
ਬਾਹਰ ਵੀ ਨਹੀਂ
ਜਿਸਦਾ ਅਕਸ
ਮੇਰੇ 'ਚ ਉਤਰਿਆ
ਤੇ ਚੀਖ਼ ਬਣ ਗਿਆ
ਆਪਣੇ ਸੁਰ ਤੇ ਸ਼ੋਰ ਦਾ
ਵਜੂਦ

ਕੰਠ 'ਚ ਗੁਆ ਲਿਆ
ਮੇਰੇ
ਅੰਦਰਲੇ ਸਮੁੰਦਰ ਚੋਂ
ਲਾਵਾ ਫੁੱਟਿਆ
ਤੇ ਸਮੁੰਦਰ ਸੁੱਕਣੇ ਪਾ
ਗਿਆ

-0-

ਮੇਰੇ ਦੁਆਲੇ ਦੇ ਸ਼ਬਦ
ਮੈਨੂੰ
ਆਪਣੇ ਚੋਂ ਬਾਹਰ
ਨਿਕਲਣ ਤੋਂ ਪਹਿਲਾਂ
ਅੰਦਰ ਉਤਰਨ ਤੋਂ
ਪਹਿਲਾਂ
ਆਪਣੀ ਚੀਖ਼ ਦਾ ਸੱਚ
ਤੇ ਕੁੱਖ ਜਾਣਨ ਤੋਂ ਪਹਿਲਾਂ
ਮੇਰੇ ਦੁਆਲੇ
ਆਪਣੇ ਅਨੁਮਾਨ ਦੀਆਂ
ਦੀਵਾਰਾਂ
ਉਸਾਰ ਦਿੰਦੇ ਹਨ
ਤੇ ਮੇਰੇ
ਅੰਦਰਲੇ ਦਰਵਾਜ਼ੇ ਤੇ

ਆਪਣੀਆਂ ਫੌਜਾਂ
ਬਿਠਾਲ ਦਿੰਦੇ ਹਨ
ਕਿ
ਮੈਂ ਨਾ ਅੰਦਰ ਜਾ
ਸਕਾਂ
ਨਾ ਬਾਹਰ ਆ ਸਕਾਂ

-0-

ਮੈਨੂੰ
ਮੇਰੀ ਚੀਖ਼ ਦਾ ਸੱਚ
ਤੇ ਕੁੱਖ ਜਾਣਨ ਤੋਂ ਪਹਿਲਾਂ
ਇਹ ਸ਼ਬਦ
ਆਪ ਬੋਲ ਪੈਂਦੇ ਹਨ
ਆਪਣਾ ਸ਼ੋਰ
ਧਰਤੀ ਤੇ ਅਕਾਸ਼ 'ਚ
ਘੋਲ ਦਿੰਦੇ ਹਨ
ਮੇਰੀ ਚੀਖ਼
ਮੇਰੇ ਕੰਠ 'ਚ
ਆਪਣੀ ਸੁਰ ਸ਼ੋਰ ਤੇ ਬੋਲ
ਦਾ ਵਜ਼ੂਦ
ਗਵਾ ਦਿੰਦੀ ਹੈ
ਮੇਰੇ ਅੰਦਰ ਤੇ ਬਾਹਰ
ਬੇਅਰਥੀ ਚੁੱਪ ਬਣਕੇ
ਛਾ ਜਾਂਦੀ ਹੈ

----

## ਦਰਪਣ ਦਾ ਚਿਹਰਾ

ਤੇਰੇ ਦਰਪਣ ਚੋਂ
ਜਦ ਮੈਂ
ਆਪਣਾ ਚਿਹਰਾ ਤੱਕਿਆ
ਆਪਣੇ ਆਪ ਨੂੰ
ਮਿਲਿਆ
ਸਾਲਮ ਸਾਂ ਸਬੂਤਾ ਸਾਂ
ਤੇਰੇ ਦਰਪਣ ਤੋਂ
ਟੁੱਟਿਆ
ਪੁਰਜਾ ਪੁਰਜਾ ਹੋ ਗਿਆ
ਕੰਕਰ ਕੰਕਰ ਹੋ ਗਿਆ

-0-

ਮੈਂ
ਦਰਪਣ ਦੇ ਡਰ ਤੋਂ
ਆਪਣੇ ਆਪ ਸੰਗ
ਜੁੜਿਆ ਰਿਹਾ
ਆਪਣੇ
ਅੰਗਾਂ ਤੇ ਨਕ਼ਸ਼ਾਂ ਨੂੰ
ਆਪਣੇ ਚਿਹਰੇ 'ਚ
ਸੰਭਾਲਦਾ ਰਿਹਾ
ਆਪਣੇ ਅੰਗਾਂ ਤੇ ਨਕ਼ਸ਼ਾਂ ਨੂੰ

ਆਪਣੇ ਲਹੂ 'ਚ
ਉਤਾਰਦਾ ਰਿਹਾ
ਆਪਣੇ ਸਾਹਾਂ 'ਚ
ਘੋਲਦਾ ਰਿਹਾ
ਉਨ੍ਹਾਂ 'ਚ ਉਤਰਦਾ ਰਿਹਾ
ਆਪਣੇ 'ਚ
ਉਤਾਰਦਾ ਰਿਹਾ
ਅਸਲ
ਦਰਪਣ ਦੇ ਹਨ੍ਹੇਰੇ ਤੋਂ ਡਰ ਕੇ
ਮਸਤਕ ਦੀ ਜੋਤ
ਬਾਲਦਾ ਰਿਹਾ
ਜੇ ਦਰਪਣ 'ਚ
ਹਨ੍ਹੇਰਾ ਹੋ ਜਾਂਦਾ
ਤਾਂ ਮੈਂ
ਆਪਣੇ ਅੰਗਾਂ ਤੇ ਨਖ਼ਸ਼ਾਂ
ਦਾ ਚਿਹਰਾ
ਪਹਿਚਾਣ ਨਾ ਸਕਦਾ
ਆਪਣਾ ਚਿਹਰਾ
ਆਪਣੀਆਂ
ਨਜ਼ਰਾਂ 'ਚ ਉਤਾਰ ਨਾ
ਸਕਦਾ

-0-

ਅੱਜ
ਮੈਂ ਦਰਪਣ ਤੋਂ ਵਿਛੜ
ਗਿਆ ਹਾਂ
ਪੁਰਜਾ ਪੁਰਜਾ
ਕੰਕਰ ਕੰਕਰ ਹੋ ਗਿਆ ਹਾਂ
ਡਗਰ ਡਗਰ
ਬਿਖ਼ਰ ਗਿਆ ਹਾਂ
ਹਵਾਵਾਂ 'ਚ
ਲਟਕ ਗਿਆ ਹਾਂ
ਆਪਣੇ ਅੰਗਾਂ ਤੇ ਨਖ਼ਸ਼ਾਂ 'ਚ
ਵੰਡਿਆ ਗਿਆ ਹਾਂ
ਆਪਣੇ
ਹੱਥਾਂ ਦੀਆਂ ਉਂਗਲਾਂ ਚੋਂ
ਕਿਰ ਗਿਆ ਹਾਂ

-0-

ਦਰਪਣ ਦਾ ਮੇਲ ਹੀ
ਮੇਰੇ ਅੰਗਾਂ ਤੇ ਨਖ਼ਸ਼ਾਂ
ਦੀ ਏਕਤਾ ਸੀ
ਮੇਰਾ ਸਾਲਮ ਚਿਹਰਾ ਸੀ
ਮੇਰੀ
ਪਹਿਚਾਣ ਸੀ

ਮੇਰੀ ਹੋਂਦ 'ਚ
ਮੇਰੇ ਸਾਲਮ ਰਹਿਣ
ਦਾ ਸੱਚ ਸੀ
ਹੁਣ ਖਿਲਰੇ ਅੰਗ
ਨਕ਼ਸ਼ ਤਾਂ ਹਨ
ਪਰ ਸਾਲਮ ਚਿਹਰਾ
ਨਹੀਂ
ਕਿਉਂਕਿ
ਉਹ ਦਰਪਣ ਕੱਲ੍ਹ ਮੇਰਾ ਸੀ
ਅੱਜ ਮੇਰਾ ਨਹੀਂ

−0−

ਉਹ
ਦਰਪਣ
ਮੈਨੂੰ ਹਮੇਸ਼ਾਂ ਸਾਲਮ ਤੇ
ਪੂਰਨ ਵੇਖਣਾ ਚਾਹੁੰਦਾ ਸੀ
ਕਿਉਂਕਿ
ਉਸ 'ਚ
ਮੇਰੀ ਪਹਿਚਾਣ ਸੀ
ਉਸ ਦਰਪਣ ਦੀਆਂ
ਉਂਗਲਾਂ ਤੇ
ਮੇਰੀ ਸਿਆਣ ਸੀ

ਮੇਰੀ
ਪੂਰਨਤਾ
ਉਸ ਦੀਆਂ ਨਜ਼ਰਾਂ ਦੀ
ਛੋਹ 'ਚ ਬੱਝੀ ਸੀ
ਉਸਦੇ ਮੱਥੇ 'ਚ ਕੱਜੀ ਸੀ

-0-

ਮੈਂ ਜਦ ਵੀ
ਉਸਦੇ ਰੂ-ਬ-ਰੂ ਹੁੰਦਾ ਹਾਂ
ਮੇਰੀ ਪੂਰਨਤਾ
ਉਸਦੇ ਮੱਥੇ 'ਚ ਜਗਦੀ ਹੈ
ਜੋ ਮੈਨੂੰ
ਮੇਰੇ ਅੰਗ ਨਖ਼ਸ਼ ਤੇ
ਚਿਹਰਾ ਲੱਗਦੀ ਹੈ
ਉਹ
ਮੇਰੇ ਤੋਂ ਅਲੱਗ ਕੀ ਹੋਇਆ
ਮੇਰੀ ਪੂਰਨਤਾ ਮੇਰੀ ਪਹਿਚਾਣ
ਆਪਣੇ ਨਾਲ ਲੈ ਗਿਆ
ਮੇਰੇ ਚਿਹਰੇ ਤੇ
ਮੇਰੇ ਅੰਗਾਂ ਤੇ ਨਖ਼ਸ਼ਾਂ ਦੇ
ਖੰਡਰ ਧਰ ਗਿਆ
ਮੇਰੀ ਦੇਹ ਨੂੰ
ਸ਼ਮਸ਼ਾਨ ਕਰ ਗਿਆ

----

## ਬੰਦ ਕਿਤਾਬ

ਉਹ ਚਿਹਰਾ
ਬੰਦ ਕਿਤਾਬ ਵਰਗਾ
ਸੀ
ਜਿਸਨੂੰ
ਕਿਸੇ ਨਾ ਖੋਲ੍ਹਿਆ
ਨਾ ਪੜ੍ਹਿਆ
ਨਾ ਵਿਚਾਰਿਆ ਉਸਨੂੰ
ਕਿਸੇ ਨਾ
ਆਪਣੀਆਂ ਨਜ਼ਰਾਂ ਚੋਂ
ਗੁਜ਼ਾਰਿਆ ਉਸਨੂੰ
ਨਾ ਦਿਲ 'ਚ ਹੀ
ਉਤਾਰਿਆ ਉਸਨੂੰ

-0-

ਉਹ ਚਾਹੁੰਦਾ ਸੀ
ਉਸਦੀ ਦੇਹ ਤੇ ਜੰਮੀ
ਧੂੜ ਨੂੰ ਕੋਈ ਉਤਾਰੇ
ਉਸਦੇ ਅੰਦਰ
ਸੁੱਕਦੇ ਜਾ ਰਹੇ

ਚਸ਼ਮੇ ਤੇ ਝਰਨੇ ਨਿਹਾਰੇ
ਉਸ 'ਚ ਵੱਗਦੀ ਨਦੀ ਦੇ
ਕਿਨਾਰੇ ਬਹਿ
ਆਪਣਾ ਚਿਹਰਾ ਸਵਾਰੇ
ਆਪਣੇ ਆਪ ਨੂੰ ਠਾਰੇ
ਉਸਦੇ ਨੈਣਾਂ 'ਚ ਝਾਕੇ
ਉਸਦੇ ਦਿਲ 'ਚ ਉਤਰੇ
ਉਸਦੇ ਸਾਹਾਂ 'ਚ
ਆਪਣੇ ਸਾਹਾਂ ਦਾ ਨਿੱਘ
ਘੋਲੇ
ਉਸਦੇ ਸ਼ਬਦਾਂ ਤੇ
ਅਰਥਾਂ ਦੀ ਚੁੱਪ ਸੰਗ
ਬੋਲੇ

-0-

ਉਸਦਾ
ਦਰ ਹਮੇਸ਼ਾਂ ਖੁੱਲ੍ਹਾ ਹੈ
ਉਸਦੀਆਂ
ਅੱਖਾਂ ਸਰਦਲ ਤੇ
ਲੱਗੀਆਂ ਹਨ
ਉਸਦੇ ਕੰਨ
ਬੂਹੇ ਤੇ ਚਿਪਕੇ ਹਨ

ਕਿਸੇ ਦੇ ਪੈਰਾਂ ਦੀ
ਆਹਟ ਸੁਣਨ ਲਈ
ਕਿਸੇ ਨੂੰ
ਆਪਣੇ ਵੱਲ ਆਉਂਦਾ
ਤੱਕਣ ਲਈ

-0-

ਉਹ ਬੰਦ
ਕਿਤਾਬ ਵਰਗਾ ਚਿਹਰਾ
ਆਪਣੇ 'ਚ
ਚੰਨਾਂ ਸੂਰਜਾਂ ਤਾਰਿਆਂ ਦੇ
ਹਾਜ਼ੂਮ ਲੁਕਾਈ ਬੈਠਾ ਸੀ
ਆਪਣੇ
ਨੈਣਾਂ ਦੇ ਦੀਵੇ
ਹਨ੍ਹੇਰੀਆਂ ਝੱਖੜਾਂ ਤੂਫ਼ਾਨਾਂ 'ਚ
ਜਗਾਈ ਬੈਠਾ ਸੀ
ਆਪਣਾ
ਸੂਰਜ ਚੜ੍ਹਾਉਣ ਲਈ
ਆਪਣੇ ਚੰਨ ਤਾਰੇ ਤਰੌਂਕਣ ਲਈ
ਉਸ 'ਚ
ਮੌਸਮ ਸਨ ਬਹਾਰਾਂ ਸਨ
ਰੁੱਤਾਂ ਸਨ

ਪਰ ਉਹ ਧਰਤ
ਵਿਹੂਣਾ ਸੀ
ਇਨ੍ਹਾਂ ਨੂੰ ਉੱਗਾਉਣ ਲਈ
ਅੰਬਰ ਰਹਿਤ ਸੀ
ਆਪਣਾ ਸੂਰਜ ਚੜ੍ਹਾਉਣ
ਲਈ.

-0-

ਉਸ 'ਚ
ਗਿਆਨ ਦਾ ਸਮੁੰਦਰ ਸੀ
ਦਰਸ਼ਨ ਦੇ
ਪਹਾੜ ਸਨ
ਰੌਸ਼ਨੀ ਦੇ ਜੰਗਲ ਸਨ
ਵਿਗਿਆਨ ਦਾ ਨੂਰ ਸੀ
ਅੱਥਰੂ ਸਨ ਹਾਸੇ ਸਨ
ਸ਼ਬਦਾਂ ਦੇ ਪਿੰਡੇ ਸਨ
ਅਰਥਾਂ ਦੇ ਵਜੂਦ ਸਨ
ਪਰ
ਉਸ ਕੋਲ ਜੀਭ ਨਹੀਂ ਸੀ
ਪੈਰ ਨਹੀਂ ਸਨ
ਅੱਥਰੂ ਸਨ ਜਲ ਨਹੀਂ ਸੀ
ਹਾਸੇ ਸਨ ਆਵਾਜ਼ ਨਹੀਂ ਸੀ
ਸ਼ਬਦ ਸਨ ਅਰਥ ਸਨ

ਚੇਤਨਾ ਨਹੀਂ ਸੀ

-0-

ਉਹ ਚਿਹਰਾ
ਆਪਣਾ ਅੰਦਰ
ਵਿਖਾਉਣ ਲਈ
ਅੰਬਰ ਨੂੰ ਧਰਤੀ ਨੂੰ
ਅੱਖਾਂ ਪੈਰਾਂ ਨੂੰ ਜੀਭਾਂ ਨੂੰ
ਤੇ
ਕਿਸੇ ਚੇਤਨ ਚਿਹਰੇ ਨੂੰ
ਆਪਣੇ ਅੰਦਰ
ਉਤਾਰਨਾ ਚਾਹੁੰਦਾ ਸੀ
ਆਪਣੇ ਸ਼ਬਦਾਂ ਦੇ
ਸੁੰਘੜਦੇ ਜਾ ਰਹੇ
ਅਰਥ ਵਿਖਾਉਣਾ ਚਾਹੁੰਦਾ
ਸੀ
ਕਿਸੇ ਚਿਹਰੇ 'ਚ
ਆਪਣਾ ਚਿਹਰਾ ਜਿਉਣਾ
ਚਾਹੁੰਦਾ ਸੀ
ਆਪਣੀ ਚੁੱਪ ਤੇ ਇਕੱਲਤਾ ਤੋਂ
ਆਪਣੀ ਜਿਲਦ ਦੀ ਬੰਦਸ਼ ਤੋਂ
ਮੁਕਤੀ ਪਾਉਣਾ ਚਾਹੁੰਦਾ ਸੀ

----

## ਬੱਦਲ ਦਾ ਸਫ਼ਰ

ਉਹ ਬੱਦਲ ਵਾਂਗ
ਧਰਤੀ ਤੋਂ ਭਰਿਆ
ਉੱਠਿਆ ਸੀ
ਜਦ ਵਾਪਿਸ ਪਰਤਿਆ
ਤਾਂ ਖ਼ਾਲੀ ਸੀ
ਉਹਦਾ ਚੁੱਲ੍ਹਾ ਠੰਡਾ ਸੀ
ਉਹਦੇ ਚੌਂਕੇ 'ਚ ਪਿਆ
ਘੜਾ ਪਿਆਸਾ ਸੀ
ਉਹਦਾ ਘਰ
ਜ਼ਖ਼ਮੀ ਹਾਸਾ ਸੀ

-0-

ਉੱਚੀਆਂ
ਪਹਾੜੀ ਚੋਟੀਆਂ ਨੇ
ਉਸਨੂੰ ਲੁੱਟਿਆ ਸੀ
ਉਸਦੇ ਪਿੰਡੇ ਚੋਂ
ਉਸਦਾ ਲਹੂ ਚੱਟਿਆ ਸੀ
ਉਸਦੇ ਫ਼ੇਫੜਿਆਂ ਦੀ
ਸਾਰੀ ਹਵਾ ਸੀਕ ਲਈ ਸੀ

ਉਸਦੀ ਦੇਹ ਚੋਂ
ਜ਼ਿੰਦਗੀ ਡੀਕ ਲਈ ਸੀ
ਤੇ
ਉਸਦਾ ਫੋਕ
ਧਰਤੀ ਤੇ ਥੁੱਕਿਆ ਸੀ

-0-

ਉਸਦੇ ਫੋਕ ਨੇ
ਜਦ ਧਰਤੀ ਦੀ ਗੋਦ ਨੂੰ
ਛੋਹਿਆ
ਉਸਦਾ ਜਿਸਮ
ਪਾਣੀ ਪਾਣੀ ਹੋਇਆ
ਤੇ ਉਹ
ਸੂਰਜ ਦੇ ਸੇਕ 'ਚ
ਬੱਦਲ ਬਣਿਆ
ਤੇ ਧਰਤੀ ਤੋਂ ਉਠ ਖਲੋਇਆ
ਉਸਨੇ
ਆਪਣੀ ਨਜ਼ਰ 'ਚ
ਸੂਰਜ ਜਗਾ ਲਏ
ਧਰਤੀ ਦੇ ਸਹਿਰਾ ਹੋਏ ਅੰਗ
ਆਪਣੇ
ਮਸਤਕ 'ਚ ਬਿਠਾ ਲਏ

ਆਪਣੇ ਚੁੱਲ੍ਹੇ ਦੀ ਠੰਡ
ਤੇ ਘੜੇ ਦੀ ਪਿਆਸ
ਆਪਣੇ ਦਿਲ 'ਚ ਵਸਾ ਲਏ
ਉਹ ਧਰਤੀ ਤੋਂ ਉੱਠਿਆ
ਤੇ ਅੰਬਰ 'ਚ ਉਤਰ ਗਿਆ

-0-

ਅਕਾਸ਼ ਘੁੰਮਿਆ
ਅਕਾਸ਼ ਚੋਂ
ਧਰਤੀ ਦੇ ਸਹਿਰਾ ਹੋਏ
ਅੰਗ ਨਜ਼ਰ ਆਏ
ਚੁੱਲ੍ਹੇ ਦੀ ਠੰਡਕ
ਤੇ ਘੜੇ ਦੀ ਪਿਆਸ
ਨਜ਼ਰ ਆਈ
ਉੱਚੀਆਂ ਪਹਾੜੀ
ਚੋਟੀਆਂ ਦੇ ਚਿਹਰੇ
ਨਜ਼ਰ ਆਏ
ਚੋਟੀਆਂ ਦੇ ਬੁੱਲ੍ਹਾਂ ਤੇ
ਲੱਗਾ
ਉਸਨੂੰ ਆਪਣਾ ਲਹੂ
ਨਜ਼ਰ ਆਇਆ
ਫ਼ੇਫੜਿਆਂ ਚੋਂ ਸੀਕੀ ਹਵਾ
ਨਜ਼ਰ ਆਈ

ਪਹਾੜੀ ਚੋਟੀਆਂ ਦੀ
ਹਰਿਆਵਲ ਦਾ ਸੱਚ
ਨਜ਼ਰ ਆਇਆ
ਚੋਟੀਆਂ ਦੇ ਸੁੱਕੇ ਹੋਣ ਦਾ
ਕਪਟ ਨਜ਼ਰ ਆਇਆ
ਕਿਸ ਥਾਂ ਨੂੰ ਪਾਣੀ
ਦੀ ਲੋੜ ਸੀ
ਬੱਦਲ ਨੂੰ
ਉਹ ਥਾਂ ਨਜ਼ਰ ਆਇਆ

-0-

ਬੱਦਲ ਰੱਜ ਕੇ
ਸਹਿਰਾ ਤੇ ਵਰ੍ਹਿਆ
ਤੇ
ਆਪਣੇ ਪਿੰਡ ਦਿਆਂ
ਖੇਤਾਂ ਨੂੰ ਪਾਣੀ ਨਾਲ
ਭਰਿਆ
ਭਰਿਆ ਧਰਤ ਤੋਂ ਉੱਠਿਆ ਸੀ
ਭਰਿਆ
ਧਰਤ ਤੇ ਪਰਤਿਆ
ਖੇਤਾਂ 'ਚ
ਅਨਾਜ਼ ਦੀ

ਚੌਂਕੇ 'ਚ ਘੜੇ ਦੀ
ਪਿਆਸ ਬੁੱਝ ਗਈ
ਹੁਣ
ਉਸਦੇ ਘਰ ਦਾ ਚੁੱਲ੍ਹਾ
ਵੀ ਗਰਮ ਸੀ
ਘਰ ਦੇ ਬੂਹੇ ਤੇ
ਉਸਦੇ ਆਪਣੇ ਹਾਸੇ
ਜਿਹਾ ਹਾਸਾ ਸੀ
ਬੱਦਲ ਦੇ ਸਫ਼ਰ ਦਾ
ਇਹ ਦੂਸਰਾ ਪਾਸਾ ਸੀ

----

## ਉਦਾਸ ਘਰ

ਇਹ ਘਰ
ਚੁੱਪ ਦੀ ਆਵਾਜ਼ ਹੈ
ਇਸਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ
ਇਸਦੀਆਂ ਕੰਧਾਂ
ਕਿਸੇ ਤਸਵੀਰ ਲਈ
ਅੱਥਰੂ ਕੇਰਦੀਆਂ ਹਨ
ਇਸਦੀ ਛੱਤ
ਆਪਣੇ ਹੇਠ ਸੁੱਤਾ
ਸੁਫ਼ਨਾਂ ਸਹਿਕਾਰਦੀ ਹੈ
ਇਸਦਾ ਚੌਂਕਾ
ਬਰਤਨਾਂ ਦੀ ਖੜ੍ਹ ਖੜ੍ਹ
ਲਈ ਤਰਸਦਾ ਹੈ
ਇਸਦਾ ਵਿਹੜਾ
ਆਪਣੇ ਪਿੰਡੇ
ਧਰੇਕਾਂ ਦੀਆਂ ਛਾਵਾਂ
ਉਤਾਰਦਾ ਹੈ

-0-

ਘਰ 'ਚ
ਚੁੱਪ ਦਾ ਸ਼ੋਰ ਹੈ

ਇਕਾਂਤ ਦਾ ਵਸੇਰਾ ਹੈ
ਪਤਝੱੜਾਂ ਉਦਾਸੀਆਂ
ਬੇਰੌਣਕਾਂ ਦਾ ਡੇਰਾ ਹੈ
ਘਰ 'ਚ ਨਾ ਧੁੱਪ ਵੱਸਦੀ
ਹੈ
ਨਾ ਛਾਂ ਵੱਸਦੀ ਹੈ
ਇਹ ਘਰ ਵੱਸਣ ਤੋਂ
ਸੱਖਣਾ ਹੈ
ਇਸਦੀ ਦਹਿਲੀਜ਼
ਦੱਸਦੀ ਹੈ

-0-

ਇਸ ਘਰ ਸੰਗ
ਮੌਸਮ ਬਹਾਰਾਂ ਰੁੱਤਾਂ
ਰੁੱਸੀਆਂ ਹਨ
ਘਰ 'ਚ ਪੌਣਾਂ ਬੁੱਸੀਆਂ
ਹਨ
ਘਰ ਦੀਆਂ ਖ਼ੁਸ਼ੀਆਂ
ਖ਼ੁਸ਼ੀਆਂ ਹਨ
ਘਰ ਨੂੰ ਖੰਡਰ ਦਾ ਸਰਾਪ ਹੈ
ਇਹ ਘਰ
ਨੀਂਹਾਂ ਤੋਂ
ਸਿਰ ਤੱਕ ਉਦਾਸ ਹੈ

ਘਰ ਦਾ ਅੰਬਰ ਮੈਲਾ ਹੈ
ਘਰ ਦੀ ਧਰਤੀ ਬਾਂਝ ਹੈ
ਇਹ ਘਰ ਚੁੱਪ ਦੀ
ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ

-0-

ਇਹ ਦਿਨ ਰਾਤ
ਕਿਸੇ ਦੇ ਪੈਰਾਂ ਦੀ ਆਹਟ
ਸੁਣਨ ਲਈ
ਗੁਜ਼ਾਰਦਾ ਹੈ
ਆਪਣੇ ਵਿਹੜੇ 'ਚ
ਚੰਨ ਸੂਰਜ ਤਾਰੇ ਉਤਾਰਦਾ
ਹੈ
ਆਪਣੇ ਜਿਸਮ 'ਚ
ਰੰਗ ਭਰਦਾ ਹੈ
ਆਪਣੇ ਸਾਹਾਂ 'ਚ
ਖ਼ੁਸ਼ੀਆਂ ਬੀਜਦਾ ਹੈ
ਸੱਜਰੀਆਂ ਪੌਣਾਂ ਲਈ
ਤਰਸਦਾ ਹੈ
ਧੁੱਪਾਂ ਤੇ ਛਾਵਾਂ ਉੱਡੀਕਦਾ
ਹੈ

ਸੁੱਖਾਂ ਤੇ ਦੁੱਖਾਂ ਦੇ
ਚਿਹਰੇ ਉਲੀਕਦਾ ਹੈ

-0-

ਆਪਣੇ ਘਰ ਦੀ ਔੜ
ਲਈ
ਸਾਉਣ ਦੇ ਬੱਦਲਾਂ ਨੂੰ
ਮੁੱਠਾਂ 'ਚ ਫੜਦਾ ਹੈ
ਆਪਣੇ ਮੂੰਹ ਤੇ
ਨਿਚੋੜਦਾ ਹੈ
ਹਨ੍ਹੇਰੇ ਦੀ ਬੁੱਕਲ 'ਚ
ਜਿਊਂਦਾ ਹੈ
ਕਿਰਨਾਂ ਦੇ ਜਾਲ ਬੁਣਦਾ ਹੈ
ਨਾ ਸੜਦਾ ਹੈ
ਨਾ ਬਲਦਾ ਹੈ
ਬਸ ਧੁੱਖਦਾ ਹੀ ਧੁੱਖਦਾ ਹੈ
ਇਹ ਘਰ ਨੂੰ
ਫਿਰ ਵੀ
ਸਵੇਰ ਦੀ ਆਸ ਹੈ
ਇਹ ਘਰ ਚੁੱਪਾਂ ਦੀ ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ

-0-

ਇਹ ਘਰ
ਅੰਨ੍ਹ ਦੀ ਖ਼ੁਸ਼ਬੂ ਲਈ
ਰੋਜ਼ ਮਰਦਾ ਹੈ
ਰੋਜ਼ ਜਿਊਂਦਾ ਹੈ
ਰੌਣਕਾਂ ਦਾ ਸਹਿਰਾ
ਹੰਢਾਉਂਦਾ ਹੈ
ਤੇ ਤਰਦਾ ਹੈ
ਵਸੇਬੇ ਦੀ ਖ਼ੁਸ਼ਬੂ
ਦਾ ਪਿਆਸਾ ਹੈ
ਇਹ ਮੌਤ ਦੇ ਅੱਥਰੂ
ਕੇਰਦਾ ਹੈ
ਜ਼ਖ਼ਮੀ ਹਾਸਾ ਹੱਸਦਾ ਹੈ
ਸਾਰਾ ਦਿਨ
ਆਪਣੀ ਬਦਕਿਸਮਤੀ
ਦਾ
ਅਫ਼ਸੋਸ ਕਰਦਾ ਹੈ
ਸਾਰੀ ਰਾਤ
ਆਪਣੇ ਗਲ ਲੱਗ ਕੇ ਰੋਂਦਾ ਹੈ
ਇਸ 'ਚ
ਕੋਈ ਨਹੀਂ ਵੱਸਦਾ
ਨਾ ਇਸਦੇ ਚੁੱਲ੍ਹੇ 'ਚ ਅੱਗ
ਬਲਦੀ ਹੈ

ਨਾ ਇਸ ਘਰ 'ਚ
ਕੋਈ ਦੀਵਾ ਬੱਤੀ ਜਗਦੀ ਹੈ
ਇਸ ਘਰ ਦੇ ਅੰਦਰ
ਹਨ੍ਹੇਰੇ ਦਾ ਵਾਸ ਹੈ
ਇਹ ਘਰ
ਚੁੱਪ ਦੀ ਆਵਾਜ਼ ਹੈ
ਇਸ ਘਰ ਦੇ ਬੂਹੇ ਨੂੰ
ਦਸਤਕ ਦੀ ਤਲਾਸ਼ ਹੈ

---

## ਕੁੱਝ ਵੀ ਸੁਰੱਖਸ਼ਤ ਨਹੀਂ

ਜ਼ਹਿਰ
ਜ਼ਿੰਦਗੀ ਦਾ
ਪੀ ਰਹੇ ਹਾਂ ਅਸੀਂ
ਇਹ ਕੀ
ਜੀਅ ਰਹੇ ਹਾਂ ਅਸੀਂ

-0-

ਘਰ ਚੋਂ
ਬਾਹਰ ਨਿਕਲਦੇ ਹਾਂ
ਤਾਂ ਵਾਪਿਸ ਪਰਤਣ ਦਾ
ਸੈਂਸਾ ਖਾਂਦਾ ਹੈ
ਕਿ ਸਾਲਮ ਸਬੂਤੇ
ਘਰ ਵੀ ਪਰਤਾਂਗੇ ਕਿ ਨਹੀਂ
ਇੱਥੇ ਕੁੱਝ ਵੀ
ਸੁਰੱਖਸ਼ਤ ਨਹੀਂ
ਆਪਣਾ ਆਪਣਾ
ਅੰਦਰ ਦੁਸ਼ਮਣ ਹੈ
ਬਾਹਰ ਮੌਤ ਖੜ੍ਹੀ ਹੈ
ਆਪਣਾ ਮੂੰਹ ਪਾੜ ਕੇ

ਪੈਰ ਪੈਰ ਤੇ
ਆਪਾ ਖਲਿਆਰ ਕੇ

-0-

ਬਾਹਰ
ਅੰਬਰ ਚੋਂਦਾ ਹੈ
ਧਰਤੀ ਦਾ ਬਦਨ ਪਾਟਾ ਹੈ
ਅੱਥਰੀਆਂ ਹਵਾਵਾਂ ਨੇ
ਹਰ ਚਿਹਰੇ ਨੇ
ਆਪਣੀਆਂ ਨਜ਼ਰਾਂ 'ਚ
ਸੂਲਾਂ ਉੱਗਾਈਆਂ ਨੇ
ਸਹਿਰਾ ਨੇ ਸਾਗਰ
ਆਪਣੀ ਅੱਖ 'ਚ ਪਾਇਆ ਹੈ
ਬਰੂਦ ਦਾ ਬੱਦਲ
ਪਹਾੜਾਂ ਜੰਗਲਾਂ
ਧਰਤੀ ਤੇ ਛਾਇਆ ਹੈ
ਨਦੀਆਂ
ਤੇ ਦਰਿਆਵਾਂ 'ਚ
ਜ਼ਹਿਰ ਰਲਿਆ ਹੈ
ਪ੍ਰਕਿਰਤੀ ਹਰਿਆਵਲ ਤੋਂ
ਲਹੂ ਦੇ ਰੰਗ ਦੀ ਹੋਈ ਹੈ
ਜ਼ਿੰਦਗੀ

ਜਿਊਂਦੇ ਸ਼ਮਸ਼ਾਨ
ਹੰਢਾ ਰਹੀ ਹੈ
ਮੌਤ ਸਿਰ ਤੋਂ ਪੈਰਾਂ ਤੱਕ
ਮਨੁੱਖ ਨੂੰ ਖਾ ਰਹੀ ਹੈ

-0-

ਸਾਡੇ
ਆਪਣੇ ਹੀ ਨਕ਼ਸ਼
ਸਾਡੇ ਚਿਹਰਿਆਂ ਤੇ
ਅੱਗਣ ਬਰਸਾ ਰਹੇ ਹਨ
ਅੰਬਰ
ਦੇ ਸੂਰਜ ਚੰਨ ਤਾਰੇ
ਪਿਘਲਦੇ ਜਾ ਰਹੇ ਹਨ
ਪਹਾੜ
ਲਾਵਾ ਉੱਗਲਦੇ ਹਨ
ਧਰਤੀ
ਅੱਗ ਦਾ ਸਮੁੰਦਰ ਬਣਾ
ਰਹੇ ਹਨ
ਮਨੁੱਖੀ ਰਿਸ਼ਤਿਆਂ 'ਚ
ਜ਼ਹਿਰ ਭਰ ਗਿਆ ਹੈ
ਮਨੁੱਖ ਪਿਆਰ ਮੁਹੱਬਤ
ਸੱਚ ਸੁੰਦਰਤਾ ਕਲਿਆਣ ਤੋਂ

ਖ਼ਾਲੀ ਹੋ ਗਿਆ ਹੈ
ਆਪਣੀ ਹੀ ਮੌਤ ਬਣਕੇ
ਆਪਣੇ ਸਾਵੇਂ
ਖਲੋ ਗਿਆ ਹੈ

-0-

ਅਕਾਸ਼ 'ਚ
ਜਦ ਕੋਈ ਪੰਛੀ
ਪ੍ਰਵਾਜ਼ ਭਰਦਾ ਹੈ
ਜਾਂ ਕੋਈ ਹਵਾ ਦਾ ਬੁੱਲ੍ਹਾ
ਜਿਸਮ ਜੰਗਲ ਦਾ
ਛੋਂਹਦਾ ਹੈ
ਅੱਖ੍ਹਾਂ ਅੱਥਰੂ ਕੇਰਦੀਆਂ
ਹਨ.
ਦਿਲ ਜ਼ਾਰ ਜ਼ਾਰ ਰੋਂਦਾ ਹੈ
ਸਾਡੀ ਗਤੀ ਦਾ ਮੁਰਦਾ
ਸਾਡੇ ਨੈਣਾਂ 'ਚ ਤਰਦਾ ਹੈ
ਸਾਡੇ ਕੱਟਿਆਂ ਖੰਭਾਂ ਦਾ
ਪ੍ਰਵਾਜ਼ ਤੜਪਦਾ ਹੈ
ਜ਼ਦ ਕੋਈ ਮੱਛਲੀ
ਸਾਗਰ 'ਚ ਤਰਦੀ ਹੈ
ਜਾਂ
ਕੋਈ ਬੱਦਲੀ ਧਰਤੀ ਤੇ
ਵਰ੍ਹਦੀ ਹੈ

ਤਾਂ ਸਾਡੀ ਹਿੱਕ ਸੜਦੀ
ਹੈ
ਅਸੀਂ ਤੁਰ ਨਹੀਂ ਸਕਦੇ
ਅਸੀਂ ਵੜ੍ਹ ਨਹੀਂ ਸਕਦੇ
ਅਸੀਂ ਉੱਡ ਨਹੀਂ ਸਕਦੇ
ਅਸੀਂ ਤਰ ਨਹੀਂ ਸਕਦੇ

-0-

ਅਸੀਂ
ਬਿਨ ਪੈਰ ਬਿਨ ਹੱਥ
ਬਿਨ ਸਿਰ
ਧੜ ਹਾਂ
ਸਾਡੀ ਤੱਕਣੀ ਤੇ ਪਹਿਰੇ
ਹਨ
ਸਾਡੇ ਬੋਲਾਂ ਤੇ ਤਾਲੇ ਹਨ
ਸਾਡੇ ਘਰਾਂ ਦੇ ਚਿਰਾਗ
ਬੁੱਝੇ ਹਨ
ਹਨ੍ਹੇਰੇ ਹੀ ਹਨ੍ਹੇਰੇ
ਸਾਡੇ ਦੁਆਲੇ ਹਨ
ਇਸ ਮਾਹੌਲ 'ਚ
ਕਿੰਜ ਸਾਹ ਲਈਏ
ਜਿਸ 'ਚ ਪੌਣ ਗੰਧਲੀ ਹੈ
ਕਿਹੜੀ ਰੋਟੀ

ਤਵੇ 'ਤੇ ਸੇਕੀਏ
ਜਦ ਖੇਤ ਅੰਨ੍ਹ ਦੀ ਥਾਂ
ਅੱਗ ਉੱਗਾਉਂਦੇ ਹਨ
ਕਿੰਜ
ਪਿਆਸ ਬੁਝਾਈਏ
ਜਦ ਜਲ 'ਚ
ਜ਼ਹਿਰ ਰਲਿਆ ਹੈ
ਕਿਸ ਧਰਤ ਤੇ ਤੁਰੀਏ
ਜਿਸ ਦਾ ਪਿੰਡਾ
ਛਾਲਾ ਹੈ
ਕਿਸ ਅੰਬਰ ਨੂੰ
ਸਿਰ ਤੇ ਓੜੀਏ
ਜੋ ਬਾਰੂਦ 'ਚ ਉੱਬਲਦਾ ਹੈ

-0-

ਇਹ ਮਾਹੌਲ
ਇਹ ਵਾਤਾਵਰਣ
ਇਹ ਫ਼ਿਜ਼ਾ
ਜੋ ਮਨੁੱਖ ਨੇ ਮਨੁੱਖ ਲਈ
ਉਸਾਰੀ ਹੈ
ਮਨੁੱਖਤਾ ਦੇ ਪਿੰਡੇ 'ਚ

ਜਿਉਂਦੀ
ਮੌਤ ਉਤਾਰੀ ਹੈ
ਜਿੱਥੇ ਜ਼ਿੰਦਗੀ ਲਈ
ਜ਼ਿੰਦਗੀ ਜਿਉਣ ਦੀ
ਹਸਰਤ ਨਹੀਂ
ਜਿੱਥੇ ਕੁਝ ਵੀ ਸੁਰੱਖ਼ਸ਼ਤ
ਨਹੀਂ

-0-

ਜ਼ਹਿਰ
ਜ਼ਿੰਦਗੀ ਦਾ ਪੀ
ਰਹੇ ਹਾਂ ਅਸੀਂ
ਇਹ ਕੀ
ਜੀਅ ਰਹੇ ਹਾਂ ਅਸੀਂ

----

## ਬੁੱਢਾ ਕਿਸਾਨ

ਮੈਂ
ਖੇਤਾਂ 'ਚ ਹਲ ਵਾਹਿਆ
ਖੇਤਾਂ ਨੂੰ ਸੁਹਾਗਿਆ
ਫ਼ਸਲ ਬੀਜਣ ਤੋਂ
ਪਹਿਲਾਂ ਹੀ
ਮੇਰਾ ਵਕਤ ਆ ਗਿਆ

-0-

ਮੈਂ
ਵਕਤ ਚੋਂ ਫਿਰ ਉੱਗਿਆ
ਸੁਹਾਗਿਆਂ ਖੇਤਾਂ 'ਚ
ਫ਼ਸਲ ਬੀਜੀ
ਫ਼ਸਲ ਲਹਿਰਾਈ
ਫ਼ਸਲ ਪੱਕਣ ਤੋਂ ਪਹਿਲਾਂ ਹੀ
ਮੇਰੀ ਜਾਨ ਤੇ
ਬਣ ਆਈ

-0-

ਮੈਂ
ਆਪਣੀ ਆਈ ਚੋਂ
ਫਿਰ ਉੱਠਿਆ
ਲਹਿਰਾਉਂਦੀ ਫ਼ਸਲ ਪੱਕੀ

ਕੱਟੀ ਤੇ ਘਰ ਲੈ ਆਇਆ
ਫ਼ਸਲ ਨੇ ਖੇਤਾਂ ਤੋਂ
ਘਰ ਤੱਕ ਆਉਂਦਿਆਂ
ਆਉਂਦਿਆਂ
ਮੇਰੀਆਂ ਤਿੰਨ ਪੁਸ਼ਤਾਂ ਨੂੰ
ਮੁਕਾ ਲਿਆ
ਮੇਰਾ ਦਾਦਾ ਮੇਰਾ ਅੱਬਾ
ਤੇ ਮੇਰਾ
ਆਪਣਾ ਆਪ ਖਾ ਲਿਆ

-0-

ਫ਼ਸਲ
ਜਿਨ੍ਹਾਂ ਦੇ ਦੰਦੀ ਲਾਈ
ਉਨ੍ਹਾਂ ਨੂੰ
ਨਾ ਮੇਰੇ ਬਾਪ ਦਾ ਨਾਮ
ਯਾਦ ਹੈ
ਨਾ ਮੇਰੇ ਬਾਪ ਦੇ ਬਾਪ
ਦਾ ਨਾਮ ਯਾਦ ਹੈ
ਉਨ੍ਹਾਂ ਨੂੰ ਯਾਦ ਹੈ
ਤਾਂ ਆਪਣਾ ਆਪ ਯਾਦ
ਹੈ

-0-

ਫ਼ਸਲ ਘਰ ਆਈ
ਘਰ ਦੇ ਚੁੱਲ੍ਹੇ ਬਲੇ

ਤ੍ਰੀਮਤਾਂ ਦੇ ਚਿਹਰੇ ਦਗੇ
ਬਾਲਾਂ ਦੇ ਪਿੰਡਿਆਂ ਚੋਂ
ਉਨ੍ਹਾਂ ਦੇ ਅੰਗ ਪੁੰਗਰੇ
ਫ਼ਸਲ ਦੀ ਮਹਿਕੀ ਹਵਾ
ਵਿਹੜੇ 'ਚ ਵਗੇ
ਘਰ ਰੱਜਿਆ ਪੁੱਜਿਆ
ਭਰਿਆ
ਭਰਿਆ ਲੱਗੇ

-0-

ਇਕ ਮਾੜਕੂ ਜਿਹਾ
ਖਾਂਸੀ ਦਾ ਮਾਰਿਆ ਚਿਹਰਾ
ਘਰ ਦੀ ਇਕ ਨੁੱਕਰੇ
ਬੈਠਾ ਤੱਕ ਰਿਹਾ ਹੈ
ਕਿਵੇਂ
ਉਸਦਾ ਅੱਬਾ ਤੌੜੀ 'ਚ
ਰਿੱਝ ਰਿਹਾ ਹੈ
ਕਿਵੇਂ
ਉਸ ਦਾ ਦਾਦਾ ਚੁੱਲ੍ਹੇ 'ਚ
ਬਲ ਰਿਹਾ ਹੈ
ਤ੍ਰੀਮਤਾਂ ਤੇ ਬਾਲ
ਕਿਵੇਂ

ਉਸ ਨਿਕਾਰੇ ਬਿਰਧ ਦੇ
ਹੱਡ ਤੇ ਮਾਸ ਖਾ ਰਹੇ ਹਨ
ਫ਼ਸਲ ਦੇ ਘਰ ਆਉਣ ਦੀ
ਖ਼ੁਸ਼ੀ ਮਨਾ ਰਹੇ ਹਨ

-0-

ਮੈਂ
ਉਸ ਬਜ਼ੁਰਗ ਨੂੰ ਪੁੱਛਿਆ
ਤੂੰ ਕੌਣ ਹੈ ਕੀ ਨਾਂ ਹੈ ਤੇਰਾ
ਕਿਹੜਾ ਗਰਾਂ ਹੈ ਤੇਰਾ
ਉਹ ਸੰਘ ਚੋਂ
ਸੰਘ 'ਚ ਮੁੱਕਦੀ ਆਵਾਜ਼ 'ਚ
ਬੋਲਿਆ
ਮੈਂ ਆਪਣੇ ਦਾਦੇ ਦੇ ਅੱਬਾ
ਦਾ ਵਰ ਹਾਂ
ਬੇਕੰਧਾ ਬੇਘਰਾ ਦਰ ਹਾਂ
ਖੇਤ ਮੁਸ਼ੱਕਤ ਦਾਣੇ ਫ਼ਸਲ
ਨਾਮ ਹੈ ਮੇਰਾ
ਆਪਣਾ ਪਿੰਡ ਗਰਾਂ
ਮੈਂ ਆਪ ਹਾਂ
ਚੌਹ ਪੁੱਤਰਾਂ ਦਾ ਬਾਪ ਹਾਂ
ਪੁੱਤਰਾਂ ਲਈ ਸਰਾਪ ਹਾਂ

----

# ਮੈਂ ਜਦੋਂ ਤੁਰਦਾ ਹਾਂ

ਮੈਂ ਜਦੋਂ ਤੁਰਦਾ ਹਾਂ
ਆਪਣੇ ਆਪ 'ਚ
ਭੁਰਦਾ ਹਾਂ
ਤਿੜਕਦਾ ਤੇ ਧੁੱਖਦਾ ਹਾਂ
ਮੇਰੇ ਨਖ਼ਸ਼ ਮੇਰੇ ਅੰਗ
ਮੇਰਾ ਰੰਗ ਰੂਪ ਤੇ ਚਿਹਰਾ
ਮੇਰੇ ਦੁਆਲੇ
ਉੱਗ ਆਉਂਦੇ ਹਨ

-0-

ਮੇਰੇ ਅੰਬਰ 'ਚ ਉਤਰਦੇ ਹਨ
ਪੈਰਾਂ 'ਚ ਤੁਰਦੇ ਹਨ
ਲਹੂ 'ਚ ਗਿੜਦੇ ਹਨ
ਪ੍ਰਾਣਾਂ 'ਚ ਘੁੰਮਦੇ ਹਨ
ਜੀਭਾਂ ਤੇ ਬੋਲਦੇ ਹਨ

-0-

ਪਰਤ-ਦਰ-ਪਰਤ
ਮੇਰਾ ਵਜੂਦ ਖੋਲ੍ਹਦੇ ਹਨ
ਮੇਰੇ ਚੋਂ ਜਗਦਾ ਅਰਥ
ਤੱਕਦੇ ਹਨ

ਮੇਰੇ 'ਚ ਉਤਰਦੇ ਹਨ
ਮੈਨੂੰ
ਆਪਣੇ 'ਚ ਉਤਾਰਦੇ ਹਨ
ਮੇਰੇ ਚੋਂ
ਜੀਵਨ ਦਾ ਅੰਕੁਰ
ਭਾਲਦੇ ਹਨ
ਜੋ ਬੁੱਝਿਆ ਹੈ
ਕਿ ਜਗਦਾ ਹੈ
ਮੇਰੇ ਅੰਗਾਂ
ਮੇਰੇ ਨਖ਼ਸ਼ਾਂ ਨੂੰ
ਜਿਊਂਦਾ ਲੱਗਦਾ ਹੈ

----

# ਦਰਪਣ

(ਕਾਵਿ-ਸੰਗ੍ਰਹਿ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# ਤਤਕਰਾ


1. ਅਵਾਰਗੀ
2. ਸਿਰਜਕ
3. ਅਜੋਕਾ ਮਨੁੱਖ
4. ਕੁੱਖ਼ ਦੀ ਛੋਹ
5. ਘਰ
6. ਪਛਚਾਤਾਪ
7. ਸ਼ੱਚ
8. ਈਰਖ਼ਾ
9. ਜਨਮ ਮਰਨ
10. ਗੰਢਾਂ
11. ਜਵਾਲਾ
12. ਜਲ ਦਾ ਭਾਰ
13. ਨਦੀ ਦਾ ਸੱਚ
14. ਰੁੱਖ਼ ਕਾਹਲਾ ਹੈ
15. ਜੀਆ ਜਲੇ
16. ਜੀਵਨ ਭੀਖ਼
17. ਪ੍ਰਿਤੱਭਾ ਦਾ ਜਨਮ
18. ਜਿਸਮ ਤੇਰਾ ਮੇਰਾ
19. ਗਤੀ

## ਅਵਾਰਗੀ

ਉਸਨੇ
ਆਪਣਾ ਪਿੰਡ ਸ਼ਹਿਰ
ਤੇ ਦੇਸ਼ ਛੱਡਿਆ
ਇਕ ਦੀਪ ਤੋਂ
ਦੂਜੇ ਤੱਕ ਜਾਂਦੇ ਜਾਂਦੇ
ਉਸ ਚੋਂ
ਉਸਦਾ ਪਿੰਡ ਤੇ ਦੇਸ਼
ਨੁਚੜ ਗਿਆ

-0-

ਪਿੰਡ ਦੇਸ਼ ਤੇ ਲੋਕਾਂ ਦੇ
ਚਿਹਰੇ
ਸੜਕਾਂ ਬਾਜ਼ਾਰ
ਰੌਣਕਾਂ ਭੀੜਾਂ ਰਸਮਾਂ
ਰਿਵਾਜ਼
ਸੰਸਕ੍ਰਿਤੀ ਤੇ ਸਭਿਆਚਾਰ
ਉਸਦੀਆਂ ਅੱਖਾਂ ਚੋਂ
ਅੱਥਰੂਆਂ ਵਾਂਗ ਕਿਰ ਗਏ
ਉਹ
ਅਘਰਵਾਸੀ ਹੋ ਗਿਆ

ਉਸ 'ਚ
ਜੋ ਕੁੱਝ ਵੀ ਸੀ
ਸਭ ਕੁੱਝ ਉਸ ਮਿੱਟੀ ਦਾ ਸੀ
ਜੋ
ਉਸ ਮਿੱਟੀ 'ਚ ਹੀ
ਰਹਿ ਗਿਆ

-0-

ਇਕ ਦੀਪ ਤੋਂ ਦੂਜੇ
ਫਿਰ ਤੀਜੇ ਫਿਰ ਚੌਥੇ
ਫਿਰ ਹੋਰ ਤੋਂ ਹੋਰ
ਹੁੰਦਿਆਂ ਹੋਇਆਂ
ਉਹ ਆਪਣੇ ਆਪ 'ਚ
ਕਈ ਨਵੇਂ ਦੀਪਾਂ ਦੀ
ਮਿੱਟੀ ਨਾਲ ਭਰ ਗਿਆ
ਨਵੇਂ ਲੋਕਾਂ ਦੇ ਚਿਹਰੇ
ਤੇ ਬੋਲ
ਉਸਦੀ ਦੇਹ ਚੋਂ ਉੱਗ
ਆਏ

-0-

ਨਵੇਂ ਦੀਪਾਂ ਦੀਆਂ
ਸੰਸਕ੍ਰਿਤੀਆਂ ਸਭਿਆਚਾਰ
ਭਾਸ਼ਾ ਬੋਲੀਆਂ

ਉਸ 'ਚ ਸਮਾ ਗਈਆਂ
ਪਰ ਉਹ
ਉਨ੍ਹਾਂ 'ਚ ਕੁੱਝ ਵੀ ਨਾ
ਆਪਣਾ ਘੋਲ ਸਕਿਆ
ਕਿਉਂਕਿ
ਇਕ ਦੀਪ ਛੱਡਣ ਤੋਂ ਪਿੱਛੋਂ
ਦੂਜੇ ਤੇ ਪੈਰ ਧਰਨ ਤੱਕ
ਉਸ ਚੋਂ
ਪਿੱਛਲੇ ਦੀਪ ਦਾ
ਸਭ ਕੁੱਝ ਨੁਚੜ ਜਾਂਦਾ
ਨਵੇਂ ਦੀਪ ਦੀ ਮਿੱਟੀ
ਤੇ ਆਗਮਨ ਲਈ
ਉਹ ਖ਼ਾਲੀ ਹੋ ਜਾਂਦਾ

-0-

ਉਸਦੇ ਵਜ਼ੂਦ 'ਚ
ਕਈ ਨਵੇਂ ਵਜ਼ੂਦ ਉੱਗ
ਆਏ
ਕਿੰਨੇ ਪੈਰ
ਉਸਦੇ ਪੈਰਾਂ 'ਚ ਤੁਰੇ
ਕਿੰਨੇ ਸਿਰ ਉਸ ਦੇ
ਸਿਰ ਚੋਂ ਪੁੰਗਰੇ

ਕਿੰਨੀਆਂ ਅੱਖ਼ਾਂ
ਉਸਦੀਆਂ ਅੱਖ਼ਾਂ 'ਚ
ਉਤਰ ਆਈਆਂ
ਕਿੰਨੇ ਮੌਸਮ ਬਹਾਰਾਂ
ਰੁੱਤਾਂ
ਉਸਦੇ ਸਾਹਾਂ 'ਚ ਘੁੱਲ
ਗਈਆਂ
ਕਿੰਨੀਆਂ ਭਾਸ਼ਾਵਾਂ
ਪੈਂਤੀ ਅੱਖਰੀਆਂ ਇਬਾਰਤਾਂ
ਉਸਦੀ ਦੇਹ 'ਚ
ਸਮਾ ਗਈਆਂ

-0-

ਕਿੰਨੇ ਸਮੁੰਦਰਾਂ ਜੰਗਲਾਂ
ਪਹਾੜਾਂ ਤੇ
ਉਸਦੇ ਪੈਰਾਂ ਦੀਆਂ ਚਾਪਾਂ
ਲੱਗੀਆਂ
ਕਿੰਨੇ ਅਕਾਸ਼ ਧਰਤੀਆਂ
ਉਸਦੀ ਸੋਚ 'ਚ ਉਤਰੇ
ਕਿੰਨੇ ਮਨੁੱਖਤਾ ਦੇ ਹਜ਼ੂਮ
ਉਸਦੇ
ਜਿਸਮ 'ਚ ਆ ਵਸੇ

ਉਸਨੂੰ ਮਹਿਸੂਸ ਹੋਇਆ
ਉਸਦਾ ਕੋਈ ਖ਼ਾਸ ਘਰ
ਨਹੀਂ ਖ਼ਾਸ ਦੇਸ਼ ਨਹੀਂ
ਹਰ ਥਾਂ ਉਸਦਾ ਵਸੇਰਾ ਹੈ
ਘਰ ਹੈ ਦੇਸ਼ ਹੈ

-0-

ਉਸ ਪਹਿਲਾਂ
ਤਾਂ ਕਦੀ ਵੀ ਮੁੜਕੇ
ਨਹੀਂ ਸੀ ਤੱਕਿਆ
ਹੁਣ ਜਦ
ਉਸਨੇ ਮੁੜਕੇ ਤੱਕਿਆ
ਤਾਂ ਜਿਹੜੇ ਦੀਪ
ਉਹ ਪਿੱਛੇ ਛੱਡ ਆਇਆ ਸੀ
ਉਸਦੀ ਦੇਹ ਚੋਂ ਨੁੱਚੜ
ਗਏ ਸਨ
ਪਰ ਹੁਣ ਉਹ ਸਭ
ਉਸਦੀ ਪਿੱਠ ਤੇ ਉੱਗ
ਆਏ ਸਨ
ਉਸਦੀ ਪਿੱਠ
ਮਨੁੱਖਤਾ ਦਾ ਚਿਹਰਾ
ਬਣ ਗਈ ਸੀ
ਵਿਸ਼ਵ ਦਾ ਵਜ਼ੂਦ ਬਣ
ਗਈ ਸੀ.

-0-

ਦੀਆਂ ਸਹਿਰਾਂ ਪਿੰਡਾਂ
ਤੇ ਦੇਸ਼ਾਂ ਦੇ ਚਿਹਰੇ
ਉਸਦੀ ਪਿੱਠ ਚੋਂ ਝਾਕਦੇ ਸਨ
ਗਲੀਆਂ ਸੜਕਾਂ ਬਾਜ਼ਾਰ
ਰੌਣਕਾਂ ਮੌਸਮ ਬਹਾਰਾਂ
ਰੁੱਤਾਂ
ਉਸਦੀ ਦੇਹ ਚੋਂ ਪੁੰਗਰ
ਆਈਆਂ ਸਨ
ਜੋ ਉਸਦੇ ਚਿਹਰੇ ਤੇ
ਉਸਦੇ ਦਿੱਸਹੱਦਿਆਂ ਤੇ
ਉੱਗਿਆ ਪਿਆ ਸੀ
ਉਹ ਸਭ
ਉਸਦੀ ਪਿੱਠ ਤੇ
ਚਿਤਰਿਆ ਗਿਆ ਸੀ
ਉਸਦਾ ਭਵਿੱਖ
ਉਸਦਾ ਭੂਤ ਬਣਕੇ
ਉਸਦੀ ਪਿੱਠ ਤੇ
ਚਿਪਕਿਆ ਪਿਆ ਸੀ

-0-

ਉਸ 'ਚ ਵੱਸਦੇ
ਵੱਖ-ਵੱਖ ਬੋਲੀਆਂ

ਰੰਗਾਂ ਜਾਤਾਂ ਨਸਲਾਂ
ਤੇ ਲੋਕਾਂ ਦੇ ਹਜ਼ੂਮ ਦਾ
ਸਮੁੰਦਰ
ਕਿਨਾਰਿਆਂ ਬਿਨਾਂ
ਉਸ ਦੁਆਲੇ ਫੈਲਿਆ
ਪਿਆ ਸੀ
ਉਸ ਦੁਆਲੇ
ਨਾ ਕੋਈ ਵਲਗਣ ਨਾ ਕੰਧ
ਨਾ ਛੱਤ ਸੀ
ਉਹ ਖੁੱਲ੍ਹਾ ਦਰ ਹੋ ਗਿਆ ਸੀ
ਆਪਣੇ ਪਿੰਡ ਤੋਂ ਤੁਰਦਾ
ਤੁਰਦਾ
ਵਿਸ਼ਵ ਘਰ ਹੋ ਗਿਆ ਸੀ

----

## ਸਿਰਜਕ

ਉਹ
ਸਿਰਜਕ ਸੀ ਚੇਤਨ ਸੀ
ਕਵਿਤਾ
ਕਹਾਣੀ
ਨਾਟਕ ਲਿਖਦੀ ਸੀ
ਤਸਵੀਰਾਂ ਵਾਹੁੰਦੀ ਸੀ

-0-

ਉਸਨੇ
ਆਪਣੇ ਵਿਚਲੀ ਔਰਤ
ਦੀ ਆਜ਼ਾਦੀ ਬਾਰੇ
ਕਵਿਤਾਵਾਂ
ਮਰਦ ਦੀ ਗ਼ੁਲਾਮੀ ਤੋਂ
ਠੁਕਰਾਏ ਜਾਣ ਬਾਰੇ
ਕਹਾਣੀਆਂ
ਔਰਤ ਦੀ ਸੁਤੰਤਰ
ਹੋਂਦ ਬਾਰੇ ਨਾਟਕ
ਤੇ
ਔਰਤ ਦੀ ਬਰਾਬਰਤਾ ਬਾਰੇ
ਬਹੁਤ ਸਾਰੀਆਂ ਤਸਵੀਰਾਂ
ਵਾਹੀਆਂ

-0-

ਇਕ ਦਿਨ
ਦਰਪਣ ਸਾਵੇਂ
ਉਹ ਆਪਣਾ ਚਿਹਰਾ
ਨਿਹਾਰ ਰਹੀ ਸੀ
ਕਿ ਉਸ ਵਿਚਲੀ ਔਰਤ
ਦੇ ਅੰਗ ਨਕ਼ਸ਼ ਤੇ ਚਿਹਰਾ
ਉਸਦੇ ਸਾਵੇਂ
ਆਣ ਖਲੋਤਾ

-0-

ਅੰਦਰਲੀ
ਔਰਤ ਨੇ ਪੁੱਛਿਆ
ਐ
ਸਿਰਜਕ ਪ੍ਰਵਿਰਤੀ
ਕੀ ਤੂੰ
ਆਪਣੀ ਕਵਿਤਾ ਦੇ
ਕਿਸੇ ਪਲ ਨਾਲ
ਭੀੜ 'ਚ ਜਾ ਸਕਦੀ ਹੈਂ
ਜਿੱਥੇ ਅੱਖ੍ਹਾਂ ਹੀ ਅੱਖ੍ਹਾਂ
ਹੋਣ

-0-

ਕੀ ਤੂੰ
ਆਪਣੀ ਕਹਾਣੀ ਦੀ

ਘਟਨਾ ਨਾਲ
ਭੀੜ 'ਚ ਜਾ ਸਕਦੀ ਹੈਂ
ਜਿੱਥੇ ਅੱਖਾਂ ਵੀ ਹੋਣ
ਜੀਭਾਂ ਵੀ ਹੋਣ

-0-

ਕੀ ਤੂੰ
ਆਪਣੇ ਨਾਟਕ ਦੇ
ਕਿਸੇ ਕਿਰਦਾਰ ਨਾਲ
ਥੀਏਟਰ ਜਾ ਸਕਦੀ ਹੈਂ
ਜਿੱਥੇ ਅੱਖਾਂ ਜੀਭਾਂ
ਤੇ ਚਿਹਰੇ ਹੋਣ

-0-

ਕੀ ਤੂੰ
ਆਪਣੇ ਕਿਸੇ ਸਿਰਜੇ
ਚਿੱਤਰ ਨਾਲ
ਮੰਦਰ ਮਸੀਤੇ ਗਿਰਜਾਘਰ
ਜਾਂ ਸ਼ਿਵਾਲੇ ਜਾ
ਸਕਦੀ ਹੈਂ
ਜਿੱਥੇ ਅੱਖਾਂ ਜੀਭਾਂ ਚਿਹਰੇ
ਤੇ ਲੋਕ ਹੋਣ

-0-

ਸਿਰਜਕ ਪ੍ਰਵਿਰਤੀ
ਦੁਆਲੇ
ਅੱਖਾਂ ਜੀਭਾਂ ਚਿਹਰੇ
ਤੇ ਲੋਕਾਂ ਦਾ ਜੰਗਲ
ਉੱਗ ਆਇਆ
ਜਿਸ ਜੰਗਲ ਚੋਂ
ਉਸਦਾ ਖਾਂਵਦ ਪਰਿਵਾਰ
ਰਿਸ਼ਤੇਦਾਰ ਮਿੱਤਰ
ਸਮਾਜ ਤੇ ਦੁਨੀਆਂ
ਉਸਨੂੰ
ਝਾਕਦੇ ਨਜ਼ਰ ਆਏ
ਉਸਨੂੰ
ਆਪਣੀ ਬਦਨਾਮੀ ਦਾ
ਡਰ ਲੱਗਿਆ
ਤੇ ਸ਼ੋਰ ਸੁਣਿਆ
ਆਪਣੀ ਇੱਜ਼ਤ
ਹੱਥਾਂ ਦੀਆਂ ਉਂਗਲਾਂ ਚੋਂ
ਕਿਰਦੀ ਨਜ਼ਰ ਆਈ
ਉਸਦੇ ਚਿਹਰੇ ਤੇ
ਚੁੱਪ ਫੈਲ ਗਈ

ਤੇ ਉਹ
ਚੁੱਪ 'ਚ ਗੁਆਚ ਗਈ

-0-

ਅੰਦਰਲੀ ਔਰਤ
ਕੜਕੀ ਤੇ ਬੋਲੀ
ਮੈਂ ਤੇਰੀ ਸਿਰਜਣਾ ਹਾਂ
ਮੇਰੇ ਤੋਂ ਵੱਧ
ਤੈਨੂੰ ਕੌਣ ਜਾਣਦਾ ਹੈ
ਤੂੰ ਸਮਾਜਕ ਬਦਨਾਮੀ
ਦੁਨੀਆਂ ਦਾ ਡਰ
ਪਰਿਵਾਰ ਰਿਸ਼ਤੇਦਾਰ
ਖਾਵੰਦ ਮਿੱਤਰ
ਤੇ ਅਖੌਤੀ
ਰਸਮਾਂ ਰੀਤਾਂ ਰਿਵਾਜ਼ਾਂ
ਦਾ ਮਾਖੌਣਾ
ਤਾਂ ਆਪਣੇ ਚਿਹਰੇ ਤੋਂ
ਨਹੀਂ ਉਤਾਰ ਸਕਦੀ

-0-

ਤੂੰ
ਮੇਰੀ ਆਜ਼ਾਦੀ
ਮੇਰੀ ਗੁਲਾਮੀ

ਮੇਰੀ ਸੁਤੰਤਰ ਹੋਂਦ ਬਾਰੇ
ਕੀ ਸਿਰਜੇਂਗੀ
ਤੂੰ ਆਪ ਮੁਕਤ ਨਹੀਂ
ਆਜ਼ਾਦ ਨਹੀਂ
ਮੇਰੀ ਤਲੀ ਤੇ
ਕਿਹੜੀ ਮੁਕਤੀ
ਕਿਹੜੀ ਆਜ਼ਾਦੀ ਧਰੇਂਗੀ
ਤੂੰ ਸੱਚ ਜੀਵਿਆ ਹੀ ਨਹੀਂ
ਤੂੰ ਮੇਰੇ ਸੱਚ ਦੀ
ਕੀ ਗੱਲ ਕਰੇਂਗੀ
ਤੂੰ ਜੋ ਕੁੱਝ ਵੀ
ਮੇਰੇ ਲਈ ਸਿਰਜਦੀ ਹੈਂ
ਹਵਾ 'ਚ ਤਲਵਾਰਾਂ
ਮਾਰਦੀ ਹੈਂ
ਆਪਣੇ ਦੁਆਲੇ
ਆਪਣਾ ਭਰਮ ਉਸਾਰਦੀ ਹੈਂ

----

## ਅਜੋਕਾ ਮਨੁੱਖ

ਉਹ ਆਪਣੀ
ਤਕਸੀਮੀਂ ਸ਼ਖਸ਼ੀਅਤ
ਇਕ ਪਲ 'ਚ ਹੀ
ਜੀਅ ਲੈਂਦਾ ਹੈ
ਉਹ ਇਕ ਘੁੱਟ 'ਚ ਹੀ
ਸਾਗਰ ਪੀ ਲੈਂਦਾ ਹੈ

-0-

ਉਹ
ਕਦੀ ਮੰਦਰ ਦਾ ਪੁਜਾਰੀ ਹੈ
ਕਦੀ ਮੌਨ ਧਾਰੀ ਹੈ
ਸਮਾਧੀ ਰੂਪ 'ਚ
ਕਦੀ ਉਹ ਆਪਣੇ ਅੰਦਰ
ਉਤਰ ਜਾਂਦਾ ਹੈ
ਅਜੇ ਉਹ
ਪੂਰੀ ਤਰ੍ਹਾਂ ਚੁੱਪ ਨਹੀਂ ਹੁੰਦਾ
ਕਿ ਉਸਦੀ ਚੁੱਪ ਚੋਂ
ਉਠ ਸ਼ੋਰ ਜਾਂਦਾ ਹੈ
ਸ਼ੋਰ ਜਿਉਂਦਾ

ਉਹ ਇਕੋ ਵੇਲੇ
ਆਪਣੇ ਅੱਗੇ ਤੇ ਪਿੱਠ
ਤੇ ਉੱਗੇ
ਸੰਸਾਰ 'ਚ ਝਾਕਦਾ ਹੈ
ਕਦੀ ਸ਼ੋਰ 'ਚ ਚੁੱਪ
ਕਦੀ ਚੁੱਪ 'ਚ ਸ਼ੋਰ
ਉਤਾਰਦਾ ਹੈ

-0-

ਕਦੀਂ
ਉਹ ਭੀੜਾਂ ਦਾ ਰਾਹਨੁਮਾ ਹੈ
ਕਦੀ ਉਹ
ਵੈਸ਼ੀਆਂ ਦਾ ਦਲਾਲ ਹੈ
ਕਦੀ ਉਹ
ਦੁਨੀਆਂ ਦੀ ਮੰਡੀ ਦਾ
ਸੱਚ ਹੈ
ਕਦੀ ਉਹ ਸੱਚ ਦੀ ਮੰਡੀ
ਦਾ ਖ਼ਿਆਲ ਹੈ
ਉਹ ਭੀੜ ਦੀ
ਰਾਹਨੁਮਾਈ ਵੀ ਕਰਦਾ ਹੈ
ਭੀੜ 'ਚ
ਗੁਆਚ ਵੀ ਜਾਂਦਾ ਹੈ
ਆਪਣੇ ਆਪ ਨੂੰ

ਭਾਲਦਾ ਭਾਲਦਾ ਵੇਖਦਾ ਹੈ
ਕਿ ਉਹ ਦਲਾਲ ਨਹੀਂ
ਗਾਹਕ ਹੈ
ਵੈਸੀਆ ਦਾ ਜਿਸਮ
ਭੋਗਣ ਲਈ ਤੱਤਪਰ ਹੈ

-0-

ਕਦੀ
ਉਹ ਅਮਨ ਦਾ ਚਿੱਟਾ
ਕਬੂਤਰ ਹੈ
ਯੁੱਧ ਦੇ ਮੈਦਾਨ 'ਚ
ਕਦੀ ਉਹ ਕੱਟਿਆ ਸਿਰ ਹੈ
ਉਹ ਵਿਜੈ ਵੀ ਹੈ
ਸ਼ਿਕੱਸਤ ਵੀ ਹੈ
ਉਹ ਅੱਧੀਂ ਔਰਤ ਹੈ
ਅੱਧਾ ਮਰਦ ਵੀ
ਉਹ ਸਮਾਂ ਹੈ ਸ਼ਬਦ ਹੈ
ਸੰਕਲਪ ਵੀ ਅਰਥ ਵੀ
ਦੁਨੀਆਂ ਦੀ ਕੁੱਖ਼ ਵੀ
ਦੁਨੀਆਂ ਦਾ ਹਸ਼ਰ ਵੀ

-0-

ਉਹ ਕਦੀ
ਸਮੁੰਦਰ ਤੇ ਤਰਦਾ ਹੈ

ਕਦੀ ਧਰਤੀ ਤੇ ਉਤਰਦਾ
ਹੈ
ਕਦੀ ਪਹਾੜ ਤੇ ਵਿਚਰਦਾ ਹੈ
ਕਦੀ ਜੰਗਲ ਚੋਂ ਗੁਜ਼ਰਦਾ ਹੈ
ਉਹ ਕਦੀ ਸਹਿਰਾ ਹੈ
ਕਦੀ ਹਰਿਆਵਲ ਹੈ
ਉਸਨੂੰ ਸਮੇਂ ਨੇ
ਜਿੰਨੇ ਵੀ ਰੂਪਾਂ 'ਚ ਵੰਡਿਆ ਹੈ
ਉਹ ਇਕੋ ਪਲ
ਸਾਰੇ ਰੂਪ ਜਿਊਂਦਾ ਹੈ
ਸਾਰੇ ਰੂਪ ਹੰਢਾਉਂਦਾ ਹੈ

–0–

ਉਹ ਕਦੀ
ਆਪਣੇ ਆਪ ਦਾ ਹੀ
ਚੋਰ ਹੈ
ਕਦੀ ਉਹ
ਆਪਣੇ ਆਪ ਦਾ ਹੀ
ਸਾਧ ਹੈ
ਉਹ ਕਈ ਕਿਸਮਾਂ ਦੇ
ਪਿਓ ਪੁੱਤਰਾਂ ਪਤੀਆਂ
ਦੋਹਤਿਆਂ ਪੋਤਰਿਆਂ
ਦੁਸ਼ਮਣਾਂ ਮਿੱਤਰਾਂ 'ਚ

ਵੰਡਿਆ ਪਿਆ ਹੈ
ਦਾਨੀ ਪੁਰਸ਼ ਹੈ ਕਸਾਈ ਵੀ ਹੈ
ਪਿਆਰ ਮੁਹੱਬਤ ਵਿਸਾਲ
ਹਿਜ਼ਰ ਤੇ ਜੁਦਾਈ ਵੀ ਹੈ

–0–

ਜਿਵੇਂ
ਰੁੱਖ਼ ਬੀਜ ਚੋਂ ਉੱਗਾ
ਹਰ ਪੱਤੇ 'ਚ ਵੰਡਿਆ ਪਿਆ ਹੈ
ਇਵੇਂ ਹੀ ਉਹ
ਜਿਸ ਚੋਂ ਜਨਮ ਤੇ ਮਰਨ ਤੱਕ
ਜੋ ਵੀ ਉੱਗਦਾ ਹੈ
ਚਾਹੇ ਉਹ ਦਿੱਸ ਹੈ
ਚਾਹੇ ਉਹ ਅਦਿੱਸ ਹੈ
ਉਹ ਉਸ ਸਭ ਚੋਂ
ਨਜ਼ਰ ਆਉਂਦਾ ਹੈ

–0–

ਉਸਦੀ ਤਕਸੀਮ ਹੀ
ਉਸਦੀ ਜਮ੍ਹਾਂ ਹੈ
ਉਸਦੀ ਜਮ੍ਹਾਂ 'ਚ
ਉਸਦਾ ਕੁੱਝ ਨਹੀਂ

ਉਹ
ਆਪਣੀ ਸਰਬਵਿਆਪਕਤਾ
'ਚ ਜਿਊਂਦਾ ਹੈ
ਆਪਣੀ ਇਕਾਈ 'ਚ
ਉਸਦੀ ਕੋਈ ਹੋਂਦ ਨਹੀਂ

-0-

ਉਸਨੇ
ਆਪਣੇ ਆਪ 'ਚ
ਇਕ ਪਲ ਵੀ ਨਹੀਂ ਜੀਵਿਆ
ਪਤਾ ਨਹੀਂ
ਉਸਨੂੰ ਵਰ ਹੈ
ਕਿ ਸਰਾਪ ਹੈ
ਉਸਦਾ ਚਿਹਰਾ
ਪੌਣਾਂ ਤੇ ਉੱਕਰਿਆਂ ਹੈ
ਬੂੰਦ ਬੂੰਦ 'ਚ
ਉਸਦਾ ਵਜੂਦ ਢਲਿਆ ਹੈ
ਉਹ ਹਨ੍ਹੇਰੀ ਹੈ
ਜ਼ਲਜ਼ਲਾ ਹੈ ਤੂਫ਼ਾਨ ਹੈ
ਸਮੇਂ ਨੇ ਉਸਨੂੰ
ਗਰਦਾਨਿਆ ਹੈ
ਉਹ ਅਜੋਕੇ ਯੁੱਗ ਦਾ

ਇਨਸਾਨ ਹੈ
ਜੋ ਆਪਣੇ ਅਨੇਕਾਂ
ਤਕਸੀਮੇਂ ਰੂਪ ਜੀਅ ਰਿਹਾ ਹੈ
ਆਪਣੇ ਆਪ 'ਚ ਖ਼ਾਲੀ
ਪਿਆਸਾ ਸਮੁੰਦਰ ਹੈ
ਜਲ਼ ਦੀ ਥਾਂ
ਆਪਣੀ ਹੀ
ਪਿਆਸ ਪੀ ਰਿਹਾ ਹੈ

----

# ਕੁੱਖ ਦੀ ਛੋਹ

ਥੋਹਰਾਂ ਅੱਕ ਕੰਡੇ
ਕੰਡਿਆਲੀਆਂ ਝਾੜੀਆਂ
ਸਿਰਫ਼
ਬੀਆਬਾਨਾਂ 'ਚ ਹੀ ਨਹੀਂ
ਉੱਗਦੀਆਂ
ਸਗੋਂ ਸ਼ਰੀਫ ਘਰਾਂ ਦੇ
ਸ਼ਰੀਫ ਰੌਣਕੀ ਵਿਹੜਿਆਂ 'ਚ
ਵੀ ਉੱਗਦੀਆਂ ਹਨ

-0-

ਇਹ ਥੋਹਰ
ਇਹ ਅੱਕ ਕੰਡੇ
ਸ਼ਰੀਫ ਘਰਾਂ 'ਚ
ਰਾਤ ਨੂੰ ਸੁੱਤੀਆਂ ਔਰਤਾਂ
ਦੀਆਂ ਗੋਲਾਈਆਂ
ਮਿਣਦੇ ਹਨ
ਉਨ੍ਹਾਂ ਦੀਆਂ ਯੋਨੀਆਂ ਦਾ
ਸਫ਼ਰ ਕਰਦੇ ਹਨ
ਤੇ ਆਪਣੇ
ਚਿਹਰੇ ਤੇ ਉੱਗੀਆਂ ਉਜਾੜਾਂ
ਵੀਰਾਨੀਆਂ ਤੇ ਹਨ੍ਹੇਰੇ
ਉਨ੍ਹਾਂ ਦੀ ਕੁੱਖ 'ਚ ਧਰਦੇ ਹਨ

ਸ਼ਰੀਫ ਔਰਤਾਂ
ਥੋਹਰਾਂ ਅੱਕਾਂ ਤੇ ਕੰਡਿਆਂ
ਨੂੰ ਜਨਮ ਦੇਣ ਪਿਛੋਂ
ਇਸਨੂੰ ਕੁੱਖ਼ ਦੀ ਸੰਨ੍ਹ
ਆਖਦੀਆਂ ਹਨ

-0-

ਇਸ ਕੁੱਖ਼ ਦੀ ਸੰਨ੍ਹ ਚੋਂ
ਇਕ ਰਾਹ ਨਿਕਲਦਾ ਹੈ
ਜੋ ਵੈਸ਼ੀਆਂ
ਦਿਆਂ ਚੱਕਲਿਆਂ
ਕੋਠਿਆਂ ਦੀਆਂ ਸਰਦਲਾਂ
ਤੱਕ ਜਾਂਦਾ ਹੈ

-0-

ਕੁੱਖ਼ ਚੋਂ ਜਨਮੇ
ਇਹ ਥੋਹਰਾਂ ਅੱਕ ਇਹ ਕੰਡੇ
ਆਪਣੀ ਜ਼ਮੀਰ ਤੇ ਤਾਸੀਰ
ਗਰਭ 'ਚ
ਆਪਣੇ ਪਿੰਡੇ ਚੋਂ ਨਿਚੋੜ
ਆਉਂਦੇ ਹਨ
ਸੱਚ ਸੁੰਦਰਤਾ ਤੇ ਕਲਿਆਣ
ਦਾ ਰੂਪ ਧਾਰ
ਕੁੱਖ਼ ਤੋਂ ਬਾਹਰ ਪੈਰ ਪਾਉਂਦੇ ਹਨ

ਦੁਨੀਆਂ ਦੇ ਗੁਲਜ਼ਾਰ 'ਚ
ਉੱਗੇ
ਇਹ ਥੋਹਰਾਂ ਅੱਕ ਤੇ ਕੰਡੇ
ਚੁੱਪ ਉਦਾਸੀ ਸੋਗ
ਆਪਣੇ 'ਚ ਉਤਾਰਦੇ ਹਨ
ਮੌਸਮ ਬਹਾਰਾਂ ਰੁੱਤਾਂ
ਰੌਣਕਾਂ ਤੇ ਖ਼ੁਸ਼ੀਆਂ
ਦੁਨੀਆਂ ਦੇ ਸਹਿਰਾ ਵਿਚ
ਖਿਲਾਰਦੇ ਹਨ
ਕਿਉਂਕਿ ਸ਼ਰੀਫ਼ ਔਰਤਾਂ
ਦੀ ਕੁੱਖ਼ ਗਾਲ ਖਾਂਦੀ ਤਾਂ ਹੈ
ਪਰ ਗਾਲ ਜਨਮਦੀ ਨਹੀਂ

–0–

ਇਹ ਚੱਕਲੇ ਇਹ ਕੋਠੇ
ਇਹ ਹੱਵਸੀ ਬਾਜ਼ਾਰ
ਤੇ ਵੈਸਵਾਵਾਂ ਦਾ ਵੱਸਣ
ਰੁੱਖਾਂ ਦੀ ਭੂਮਿਕਾ ਨਿਭਾਉਂਦਾ
ਹੈ
ਦੁਨੀਆਂ ਦੇ ਗੁਲਜ਼ਾਰ ਚੋਂ
ਕਾਰਬਨ ਸੀਕਦਾ ਹੈ

ਆਕਸੀਜ਼ਨ ਬਖੇਰਦਾ ਹੈ
ਦੁਨੀਆਂ ਦੇ ਸ਼ਬਦਾਂ
ਦੇ ਗ਼ਮ ਗਲਤ ਕਰਦਾ ਹੈ
ਸ਼ਬਦਾਂ ਦੇ ਹਨ੍ਹੇਰਿਆਂ 'ਚ
ਸੂਰਜ ਧਰਦਾ ਹੈ
ਸ਼ਬਦਾਂ ਦੀ ਚੁੱਪ ਤੇ
ਉਦਾਸੀ 'ਚ
ਅਲਾਪ ਤੇ ਖ਼ੁਸ਼ੀਆਂ
ਖਿਲਾਰਦਾ ਹੈ
ਸ਼ਬਦਾਂ ਦੇ ਜ਼ਰਦ ਚਿਹਰਿਆਂ 'ਚ
ਲਹੂ ਦਾ ਰੰਗ ਭਰਦਾ ਹੈ
ਦੁਨੀਆਂ ਦੇ ਭਵਸਾਗਰ 'ਚ
ਆਪ ਡੁੱਬਦਾ ਹੈ
ਦੁਨੀਆਂ ਦੇ ਸ਼ਬਦਾਂ ਨੂੰ
ਤਾਰਦਾ ਹੈ

-0-

ਇਹ ਸ਼ਰੀਫ਼ ਔਰਤਾਂ
ਦੀ ਕੁੱਖ਼ ਦੀ ਛੋਹ
ਥੋਹਰਾਂ ਅੱਕਾਂ ਤੇ ਕੰਡਿਆਂ
ਦੇ ਵਜ਼ੂਦ 'ਚ
ਸੱਚ ਸੁੰਦਰਤਾ ਤੇ ਕ਼ਲਿਆਣ

ਧਰਦੀ ਹੈ
ਇਨ੍ਹਾਂ ਦਾ ਕਾਇਆ
ਕਲਪ ਕਰਦੀ ਹੈ
ਥੋਹਰਾਂ ਅੱਕਾਂ ਤੇ ਕੰਡਿਆਂ ਦੇ
ਜਿਸਮਾਂ 'ਚ
ਰੰਗ ਚਾਨਣ ਤੇ ਖ਼ੁਸ਼ਬੂਆਂ
ਦੇ ਮੁਜ਼ੱਸਮੇ ਧਰਦੀ ਹੈ

-0-

ਇਹ ਚੱਕਲੇ ਕੋਠੇ
ਹੱਵਸੀ ਬਾਜ਼ਾਰ ਤੇ ਵੈਸ਼ੀਆਂ
ਦੇ ਨੈਣ
ਦੁਨੀਆਂ ਅੱਗੇ
ਆਪਣੇ ਹੱਥ ਨਹੀਂ ਅੱਡਦੇ
ਸਗੋਂ ਦੁਨੀਆਂ ਦੀ ਝੋਲੀ 'ਚ
ਆਪਣੇ ਅੰਦਰਲੇ ਸੱਚ 'ਤੇ
ਕਲਿਆਣ ਦੇ ਬੀਜ ਧਰਦੇ ਹਨ
ਦੁਨੀਆਂ ਦਾ ਕੋਹੜ
ਗ਼ਮ ਉਦਾਸੀ ਚੁੱਪਾਂ
ਆਪਣੇ 'ਚ ਉਤਾਰਦੇ ਹਨ
ਅੱਕਾਂ ਥੋਹਰਾਂ ਤੇ ਕੰਡਿਆਂ 'ਚ
ਸੱਚ ਸੁੰਦਰਤਾ ਤੇ ਕਲਿਆਣ
ਦੀਂ ਦੁਨੀਆਂ ਉਸਾਰਦੇ ਹਨ

ਦੁਨੀਆਂ ਦੇ ਪਿੰਡੇ 'ਚ
ਸੱਜਰਾ ਲਹੂ ਤੋਰਦੇ ਹਨ
ਦੁਨੀਆਂ ਦੀਂ ਤੱਪਸ਼ ਦੇ
ਬਦਲੇ
ਆਪਣੀ ਸੀਤਲਤਾ ਮੋੜਦੇ
ਹਨ

-0-

ਜਿਸ ਕੁੱਖ਼ ਦੀ ਛੋਹ ਤੋਂ
ਇਨ੍ਹਾਂ ਆਪਣਾ ਸੱਚ
ਪਾਇਆ ਹੈ
ਤੇ ਇਨ੍ਹਾਂ ਦੇ ਸਰੋਵਰ 'ਚ
ਅੱਕ੍ਹਾਂ ਥੋਹਰਾਂ ਤੇ ਕੰਡਿਆਂ ਦੀ ਥਾਂ
ਕੰਵਲ ਦਾ ਸੱਚ
ਉੱਗ ਆਇਆ ਹੈ
ਉਸ ਕੁੱਖ਼ ਨੂੰ ਪ੍ਰਣਾਮ ਕਰਦੇ ਹਨ
ਉਸ ਕੁੱਖ਼ ਦਾ
ਇਹ ਦਮ ਭਰਦੇ ਹਨ
ਇਨ੍ਹਾਂ ਚੱਕਲਿਆਂ ਕੋਠਿਆਂ
ਤੇ ਇਨ੍ਹਾਂ ਦੇ ਵੱਸਣ ਦੀ ਰੌਣਕ
ਵੇਸ਼ੀਆ ਨੂੰ
ਗਾਲ ਦੇਣੀ

ਉਸ ਕੁੱਖ਼ ਨੂੰ ਗਾਲ ਹੈ
ਜਿਸ ਕੁੱਖ਼ 'ਚ
ਥੋਹਰਾਂ ਅੱਕਾਂ ਕੰਡਿਆਂ
ਦਾ ਬੀਜ ਪਾਇਆ ਹੈ
ਪਰ ਉਸ ਕੁੱਖ਼ ਨੇ
ਇਸ ਬੀਜ ਚੋਂ
ਸੱਚ ਸੁੰਦਰਤਾ ਤੇ ਕਲਿਆਣ
ਦਾ ਰੁੱਖ ਉੱਗਾਇਆ ਹੈ

----

## ਘਰ

ਸੜਕਾਂ ਤੇ
ਘਰਾਂ ਦੇ ਜਲੂਸ ਹਨ
ਚੌਕਾਂ 'ਚ
ਘਰਾਂ ਦੇ ਚਿਹਰੇ ਹਨ
ਚੌਰਾਹਿਆਂ 'ਚ
ਘਰਾਂ ਦੀਆਂ ਜੀਭਾਂ
ਹਨ
ਗਲੀਆਂ 'ਚ ਘਰਾਂ
ਦੀਆਂ ਅੱਖਾਂ ਹਨ
ਮੁਹੱਲਿਆਂ 'ਚ
ਘਰਾਂ ਦੇ ਅੰਗ ਹਨ
ਨਕ਼ਸ਼ ਹਨ
ਹੱਥ ਹਨ ਪੈਰ ਹਨ
ਸ਼ਹਿਰ ਦੇ ਮੱਥੇ ਤੇ ਲਟਕਦਾ
ਘਰਾਂ ਦਾ ਤਿੜਕਿਆ
ਵਜੂਦ ਹੈ

-0-

ਘਰਾਂ ਨੇ ਚੁੱਪ ਤੋੜੀ ਹੈ
ਤੇ ਘਰਾਂ ਦੇ ਸ਼ੋਰ ਦਾ ਹੜ੍ਹ
ਸ਼ਹਿਰ 'ਚ ਆਇਆ ਹੈ

ਘਰਾਂ ਦੇ ਨਾਹਰੇ
ਗੂੰਜਦੇ ਹਨ
ਘਰ ਸੰਘ ਪਾੜ ਪਾੜ
ਆਖਦੇ ਹਨ
ਸਾਡੀਆਂ
ਆਪਣੀਆਂ ਕੰਧਾਂ
ਸਾਨੂੰ ਅਜ਼ਨਬੀ
ਸਮਝਦੀਆਂ ਹਨ
ਸਾਡੀਆਂ
ਛੱਤਾਂ ਸਾਨੂੰ ਪਹਿਚਾਣ
ਦੀਆਂ ਨਹੀਂ
ਸਾਡੇ ਫਰਸ਼
ਸਾਨੂੰ ਜਾਣਦੇ ਨਹੀਂ
ਅਸੀਂ
ਆਪਣੇ ਵਿਹੜਿਆਂ ਲਈ
ਪਰਾਏ ਹਾਂ
ਅਸੀਂ ਬੂਹੇ ਬਾਰੀਆਂ
ਤੇ ਦਰਵਾਜ਼ਿਆਂ ਲਈ
ਓਪਰੇ ਹਾਂ

-0-

ਇਹ ਜੋ
ਸਾਡੇ ਵਜ਼ੂਦ ਦੀ

ਸਮੱਗਰੀ ਹੈ
ਸਾਡੇ ਤੇ
ਇਲਜ਼ਾਮ ਧਰਦੀ ਹੈ
ਅਸੀਂ
ਇਸਦੇ ਕੁੱਝ ਨਹੀਂ
ਲੱਗਦੇ
ਸਾਡਾ ਵਜ਼ੂਦ
ਇਨ੍ਹਾਂ ਦਾ ਸੱਚ ਨਹੀਂ

-0-

ਸਾਡੇ ਵੱਸਣ ਤਿਆਗ
ਜੋ ਲੋਕ
ਸਰਹੱਦੋਂ ਪਾਰ ਤੁਰ ਗਏ
ਹਨ
ਸਾਡੇ ਵਜ਼ੂਦ ਦੀ ਸਮੱਗਰੀ
ਦਾ ਸੱਚ ਵੀ
ਨਾਲ ਲੈ ਗਏ ਹਨ
ਸਾਡੇ ਘਰ ਹੋਣ ਦਾ ਸੱਚ
ਉਨ੍ਹਾਂ ਦੇ ਨਾਲ ਤੁਰ
ਗਿਆ ਹੈ
ਉਨ੍ਹਾਂ ਤੋਂ ਬਿਨਾਂ
ਅਸੀਂ ਘਰ ਨਹੀਂ

ਖ਼ਾਲੀ ਮਕਾਨ ਹਾਂ

-0-

ਇਹ ਸੱਚ
ਅਸੀਂ ਆਪਣੀ ਸਮੱਗਰੀ
ਨੂੰ ਸਮਝਾਉਂਦੇ
ਸਮਝਾਉਂਦੇ ਅੱਕ ਗਏ ਹਾਂ
ਥੱਕ ਗਏ ਹਾਂ
ਦੁਸ਼ਮਣ ਦੇ ਹਮਲੇ ਕਾਰਨ
ਦੇਸ਼ ਨੇ
ਸਾਡੇ ਵੱਸਣ ਤੋਂ
ਸਾਨੂੰ ਖ਼ਾਲੀ ਕਰਵਾਇਆ
ਸੀ
ਸਾਡੇ 'ਚ ਵੱਸਦੇ ਲੋਕਾਂ ਨੂੰ
ਸੁਰੱਖਿਅਤ ਥਾਂ ਤੇ ਪਹੁੰਚਾਇਆ
ਸੀ

-0-

ਜਦ ਸਰਹੱਦੋਂ ਪਾਰ
ਤੁਰ ਗਏ ਲੋਕ
ਸਾਡੇ 'ਚ ਵਾਪਿਸ ਪਰਤਣਗੇ
ਅਸੀਂ ਜੋ
ਹੁਣ ਮਕਾਨ ਹਾਂ

ਘਰ ਕਹਾਵਾਂਗੇ
ਸਾਡੇ ਵਜ਼ੂਦ ਦੀ
ਸਮੱਗਰੀ ਨੂੰ
ਆਪਣਾ ਸੱਚ ਨਜ਼ਰੀਂ
ਆਵੇਗਾ
ਕੰਧਾਂ ਛੱਤਾਂ ਬੂਹੇ
ਬਾਰੀਆਂ ਦਰਵਾਜ਼ੇ
ਸਭ ਮਿਲਕੇ
ਘਰ ਹੋ ਜਾਣਗੇ
ਸਾਡੀ ਸਮੱਗਰੀ
ਦੇ ਵਜ਼ੂਦ ਦਾ ਸੱਚ
ਪਰਤ ਆਵੇਗਾ

-0-

ਕੰਧਾਂ ਛੱਤਾਂ ਫਰਸ਼
ਤੇ ਬੂਹੇ ਬਾਰੀਆਂ
ਬੋਲੇ
ਜੰਦ ਇਹ ਘਰ
ਘਰਾਂ ਤੋਂ ਮਕਾਨ ਹੋ ਗਏ
ਸਨ
ਤਾਂ ਸਾਨੂੰ
ਸਾਡੇ ਵੱਸਣ ਨਾਲ

ਸਰਹੱਦੋਂ ਪਾਰ
ਤੋਰ ਕਿਉਂ ਨਹੀਂ ਦਿੱਤਾ
ਜਦ ਸਾਡੇ ਵਜੂਦ ਦਾ
ਸੱਚ
ਘਰ ਦਾ ਵੱਸਣ ਹੀ ਨਹੀਂ ਸੀ
ਸਾਡੇ ਕਲਬੂਤ 'ਚ
ਸਾਡੀ ਰੂਹ ਹੀ ਨਹੀਂ ਸੀ
ਤਾਂ ਘਰਾਂ
ਸਾਡੇ ਕਲਬੂਤ ਦਾ
ਕੀ ਕਰਨਾ ਸੀ

-0-

ਘਰ ਬੋਲੇ
ਅਸੀਂ ਆਪਣੇ ਵੱਸਣ
ਬਿਨਾਂ
ਘਰ ਨਹੀਂ ਮਕਾਨ ਹਾਂ
ਜੇ ਤੁਹਾਨੂੰ ਵੀ
ਵੱਸਣ ਦੇ ਨਾਲ ਹੀ
ਤੋਰ ਦਿੰਦੇ
ਤਾਂ ਅਸੀਂ ਮਕਾਨ ਵੀ
ਨਾ ਰਹਿੰਦੇ
ਖੰਡਰ ਹੋ ਜਾਂਦੇ
ਥੇਹ ਹੋ ਜਾਂਦੇ

ਫਿਰ ਪਰਤਕੇ
ਸਾਡੇ 'ਚ ਕਿਸੇ ਵੀ
ਆਉਣਾ ਨਹੀਂ ਸੀ
ਤੇ
ਆਪਣਾ ਸੱਚ
ਤੁਸੀਂ ਵੀ ਪਾਉਣਾ ਨਹੀਂ ਸੀ
ਇਹ ਸਭ ਕੁੱਝ
ਤੁਹਾਨੂੰ ਦੱਸਣ ਲਈ
ਅਸੀਂ ਆਪਣਾ ਆਪਾ
ਸੜਕਾਂ ਬਜ਼ਾਰਾਂ
ਚੌਕਾਂ ਚੌਰਾਹਿਆਂ 'ਚ
ਬੁਲਾਇਆ ਹੈ
ਸਭ ਦੇ ਸਾਹਮਣੇ
ਤੁਹਾਨੂੰ ਸੱਚ ਸੁਣਾਇਆ ਹੈ

----

## ਪਛਚਾਤਾਪ

ਮੈਂ ਉਹ ਰੁੱਖ ਜਲਾਇਆ ਹੈ
ਜਿਸ ਰੁੱਖ ਨੇ
ਮੈਨੂੰ ਆਪਣੀ ਛਾਂਵੇਂ
ਬਿਠਾਇਆ ਹੈ
ਉਹ
ਮੇਰੀ ਆਈ ਮਰਿਆ ਹੈ
ਮੇਰੀ ਕਬਰ 'ਚ
ਉਸ ਆਪਾ ਧਰਿਆ ਹੈ

-0-

ਉਸਨੂੰ ਜਲਾਕੇ
ਮੈਂ ਆਪਣਾ ਆਪ
ਕੋਇਲੇ ਕਰ ਲਿਆ ਹੈ
ਕਬਰ ਦਾ ਦੀਵਾ
ਘਰ ਦੇ ਮੱਥੇ ਤੇ ਧਰ
ਲਿਆ ਹੈ
ਹੁਣ ਮੇਰੀ ਦੇਹ ਦੇ
ਰੁੱਖ ਤੇ
ਨਾ ਕੋਈ ਪੱਤਾ ਹੈ
ਨਾ ਟਹਿਣੀ ਹੈ

ਨਾ ਕਿਸੇ ਪੰਛੀ
ਦਾ ਆਲ੍ਹਣਾ ਹੈ
ਨਾ ਜ਼ਿੰਦਗੀ ਦੀ ਰਹਿਣੀ
ਹੈ

–0–

ਮੈਂ ਸੜ ਕੇ ਵੀ
ਉਸਦਾ ਪਛਚਾਤਾਪ
ਕਰ ਲਿਆ ਹੈ ਕਿ ਨਹੀਂ
ਕੁੱਝ ਕਹਿ ਨਹੀਂ ਸਕਦਾ
ਉਹ ਮੈਨੂੰ
ਮੁਆਫ਼ ਕਰ ਸਕਦਾ ਹੈ
ਮੈਂ ਸੜ ਕੇ ਵੀ
ਆਪਣੇ ਆਪ ਨੂੰ ਮੁਆਫ਼
ਕਰ ਨਹੀਂ ਸਕਦਾ

–0–

ਮੈਂ
ਹੁਣ ਜਦ ਆਪਣਾ
ਚਿਹਰਾ ਤੱਕਦਾ ਹਾਂ
ਸਿਰ ਤੋਂ ਪੈਰਾਂ ਤੱਕ
ਤਿੜਕਿਆ
ਲੱਗਦਾ ਹਾਂ
ਮੇਰਾ ਸਾਹ ਰੁਕਦਾ ਹੈ

ਮੇਰਾ ਲਹੂ ਸੁੱਕਦਾ ਹੈ
ਸਦੀਆਂ ਹੋ ਗਈਆਂ
ਉਸ ਰੁੱਖ ਨੂੰ ਬਲੇ
ਮੇਰੀ ਦੇਹ ਚੋਂ
ਅਜੇ ਵੀ
ਉਸਦਾ ਧੂੰਆਂ ਉੱਠਦਾ ਹੈ

-0-

ਮੈਂ
ਉਹ ਰੁੱਖ ਜਲਾਇਆ ਹੈ
ਜਿਸ ਰੁੱਖ ਨੇ ਮੈਨੂੰ
ਆਪਣੀ ਛਾਵੇਂ ਬਿਠਾਇਆ
ਹੈ
ਉਹ ਮੇਰੀ ਆਈ
ਮਰਿਆ ਹੈ
ਮੇਰੀ ਕਬਰ 'ਚ
ਉਸ ਆਪਾ ਧਰਿਆ ਹੈ

-0-

ਮੈਂ ਹੁਣ ਜਦੋਂ ਵੀ
ਉਸਦੇ ਕੋਲੋਂ ਲੰਘਦਾ ਹਾਂ
ਉਹ ਛਾਵੇਂ ਬਹਿਣ ਦਾ
ਮੈਨੂੰ ਇਸ਼ਾਰਾ ਕਰਦਾ ਹੈ

ਮੇਰਾ ਆਪਾ
ਮੇਰੇ ਸਾਵੇਂ ਆ ਖੜ੍ਹਦਾ ਹੈ
ਸਿਰ ਤੇ ਸੂਰਜ
ਪੈਰਾਂ 'ਚ
ਅੱਗ ਦਾ ਦਰਿਆ
ਧਰਦਾ ਹੈ
ਸਿਰ ਦਾ ਸੂਰਜ
ਹੰਢਾ ਕੇ ਵੀ
ਅੱਗ ਦਾ ਦਰਿਆ
ਤਰ ਕੇ ਵੀ
ਮੈਂ ਉਸਦੀ ਛਾਵੇਂ ਬਹਿ
ਨਹੀਂ ਸਕਦਾ
ਉਹ ਬੇਸ਼ੱਕ
ਆਪਣਾ ਸਮਝਦੈ ਮੈਨੂੰ
ਮੈਂ
ਉਸਦਾ ਹਾਂ
ਮੈਂ ਇਹ ਕਹਿ ਨਹੀਂ ਸਕਦਾ

-0-

ਮੈਂ
ਜੋ ਚਾਹੁੰਦਾ ਵੀ ਹਾਂ
ਉਸਦੀ ਛਾਵੇਂ ਬਹਿਣਾ
ਮੈਂ
ਉਸ ਵੱਲ ਜਾਂਦੇ ਕਦਮਾਂ ਨੂੰ

ਰੋਕ ਲੈਂਦਾ ਹਾਂ
ਬੇਸ਼ੱਕ
ਉਸਨੇ ਮੈਨੂੰ ਮੁਆਫ਼
ਕਰ ਦਿੱਤਾ
ਪਰ ਮੈਂ
ਆਪਣੇ ਆਪ ਨੂੰ
ਮੁਆਫ਼ ਕਿੰਜ ਕਰਾਂ
ਉਸਦੀ ਛਾਂ 'ਚ
ਬਹਿ ਕੇ
ਉਸਦੇ ਬਲਦੇ ਸਿਵੇ
ਦਾ ਤਾਅ
ਕਿੰਜ ਜ਼ਰਾਂ
ਮੈਂ ਆਪਣੇ ਆਪ ਨੂੰ
ਮੁਆਫ਼ ਨਹੀਂ ਕਰ ਸਕਦਾ
ਉਸਨੂੰ
ਛੋਹ ਕੇ ਆਈ ਹਵਾ 'ਚ
ਦਮ ਭਰ ਨਹੀਂ ਸਕਦਾ

-0-

ਮੈਂ
ਉਹ ਰੁੱਖ ਜਲਾਇਆ ਹੈ
ਜਿਸ ਰੁੱਖ ਨੇ
ਮੈਨੂੰ ਆਪਣੀ ਛਾਂਵੇਂ

ਬਿਠਾਇਆ ਹੈ
ਉਹ ਮੇਰੀ ਆਈ
ਮਰਿਆ ਹੈ
ਮੇਰੀ ਕਬਰ 'ਚ
ਉਸ ਆਪਾ ਧਰਿਆ ਹੈ

-0-

ਮੈਂ
ਉਹ ਹਾਂ
ਜੋ ਸਾਏ ਦੀ ਛਾਵੇਂ ਵੀ
ਬਹਿ ਨਹੀਂ ਸਕਦਾ
ਮੈਂ
ਆਪਣੇ ਬਲਦੇ ਜਿਸਮ
ਦੀ ਅੱਗ ਸਹਿ ਸਕਦਾ ਹਾਂ
ਪਰ
ਉਸ ਰੁੱਖ ਦੇ ਪਿੰਡੇ ਦੀ
ਅੱਗ ਸਹਿ ਨਹੀਂ ਸਕਦਾ

-0-

ਉਸਦਾ ਬੜੱਪਣ
ਜੋ ਮੈਨੂੰ ਜਿਊਣ ਨਹੀਂ
ਦਿੰਦਾ
ਮੇਰੇ ਜ਼ਖ਼ਮਾਂ ਨੂੰ
ਮੈਨੂੰ ਸਿਊਣ ਨਹੀਂ ਦਿੰਦਾ

ਜਿਉਂ ਜਿਉਂ
ਮੈਂ ਅੱਗ ਤੋਂ ਕੋਇਲੇ
ਕੋਇਲੇ ਤੋਂ ਰਾਖ਼
ਹੋਇਆ ਹਾਂ
ਮੈਂ ਅਜੇ ਵੀ
ਉਸਦੀ ਅੱਗ ਦਾ ਸੇਕ
ਜਿਉਂਦਾ ਹਾਂ
ਰਾਖ਼ ਹੋ ਕੇ ਵੀ
ਮੈਂ ਨਾ ਮੋਇਆ ਹਾਂ

-0-

ਮੈਂ
ਉਹ ਰੁੱਖ ਜਲਾਇਆ ਹੈ
ਜਿਸ ਰੁੱਖ ਨੇ
ਮੈਨੂੰ ਆਪਣੀ ਛਾਵੇਂ
ਬਿਠਾਇਆ ਹੈ
ਉਹ ਮੇਰੀ ਆਈ
ਮਰਿਆ ਹੈ
ਮੇਰੀ ਕਬਰ 'ਚ
ਉਸ ਆਪਾ ਧਰਿਆਂ ਹੈ

----

## ਸੱਚ

ਨਿੱਕੇ ਜਿਹੇ ਬੀਜ
ਕਿੰਨੀ ਉਮਰ ਗੁਜ਼ਾਰ
ਦਿੱਤੀ
ਆਪਣੇ ਚੋਂ
ਰੁੱਖ ਉੱਗਾਉਣ ਲਈ
ਰੁੱਖ ਨੂੰ
ਆਪਣਾ ਸੱਚ ਸਮਝਾਉਣ
ਲਈ

-0-

ਬੀਜ ਨੇ
ਫ਼ੱਲ ਦੀ ਕੁੱਖ ਹੰਢਾਈ
ਜਲ ਰੂਪ ਤੋਂ
ਲਹੂ ਮਾਸ ਦਾ ਰੂਪ
ਧਾਰਿਆ
ਆਪਣੇ 'ਚ
ਰੁੱਖ ਦਾ ਸਾਇਆ
ਉਤਾਰਿਆ
ਰੁੱਖ ਦੇ ਸਾਏ ਨੂੰ
ਰੁੱਖ ਦਾ ਸੱਚ ਵਿਖਾਲਿਆ

-0-

ਬੀਜ
ਜੋ ਰੁੱਖ ਦਾ ਸੱਚ ਸੀ
ਰੁੱਖ ਨੇ
ਆਪਣੇ ਚਿਹਰੇ 'ਚ
ਵਸਾ ਲਿਆ
ਬੀਜ ਚੋਂ
ਆਪਣਾ ਰੁੱਖ ਉੱਗਾ
ਲਿਆ
ਰੁੱਖ ਬੀਜ ਦੇ ਆਂਗਣ 'ਚ
ਰਿੜ੍ਹਦਾ ਤੁਰਦਾ
ਆਪਣਾ ਬਚਪਨ ਗੁਜ਼ਾਰਦਾ
ਪਰ ਆਪਣੇ
ਆਪਨੂੰ ਬੀਜ ਦੇ ਉਲਟ
ਵਿਸਥਾਰਦਾ
ਬੀਜ ਚੋਂ
ਜੜ੍ਹਾਂ ਫੁੱਟੀਆਂ ਜਿਮੀਂ 'ਚ
ਉਤਰ ਗਈਆਂ
ਰੁੱਖ ਫੁੱਟਿਆ
ਅਸਮਾਨ ਵੱਲ ਤੁਰ
ਪਿਆ

-0-

ਰੁੱਖ
ਜਵਾਨ ਹੋਇਆ

ਮੌਸਮ
ਉਸਦੇ ਹਾਣੀ ਸਨ
ਬਹਾਰਾਂ ਸਨ
ਉਸਦੀਆਂ ਸਹੇਲੀਆਂ
ਸਨ
ਰੁੱਖ ਦੇ ਮੂੰਹ ਤੇ ਲੂੰ ਫੁੱਟੀ
ਰੁੱਖ ਦੀਆਂ ਅੱਖਾਂ 'ਚ
ਬਹਾਰਾਂ ਤੇ ਰੁੱਤਾਂ ਦਾ
ਨਿੱਘ ਜਾਗਿਆ
ਰੁੱਖ ਨੇ
ਆਪਣੇ ਪੱਤਿਆਂ
ਟਹਿਣੀਆਂ ਚੋਂ
ਅੱਗ ਸਿਮਦੀ ਤੱਕੀ
ਸੂਰਜ 'ਚ ਖਿੱਲੀ ਧੁੱਪ
ਬਹਾਰ ਰੰਗਾਂ ਖ਼ੁਸ਼ਬੂਆਂ
ਦੇ ਹੁਸਨ 'ਚ ਗੁਆਚ ਗਿਆ

-0-

ਝੂਲਦਾ ਝੂਲਦਾ ਇੰਨਾਂ
ਝੂਲਦਾ
ਕਿ
ਆਪਣੇ ਗੁਆਂਢੀ ਰੁੱਖ ਦੇ
ਸਾਏ ਨੂੰ ਲਿਪਟਦਾ

ਕਦੇ ਸਾਇਆ
ਆਪਣੇ 'ਚ ਉਤਾਰਦਾ
ਕਦੀ
ਉਸ ਸਾਏ ਰਾਹੀਂ
ਗੁਆਂਢੀ ਰੁੱਖ ਦੀ ਦੇਹ 'ਚ
ਉਤਰ ਜਾਂਦਾ
ਗੁਆਂਢੀ ਰੁੱਖ ਦੀਆਂ
ਨਜ਼ਰਾਂ 'ਚ ਉਤਰਦਾ
ਉਸ ਨਾਲ
ਆਪਣੇ ਜਜ਼ਬਾਤ ਸਾਂਝੇ
ਕਰਦਾ
ਰੁੱਖ ਤੋਂ ਰੁੱਖਾਂ ਦੇ ਕਾਫ਼ਲੇ
ਹੋਣ ਦਾ ਸੱਚ
ਉਸਦੇ ਮਸਤਕ 'ਚ ਤੈਰਦਾ

-0-

ਰੁੱਖ
ਆਪਣੇ ਖ਼ਿਆਲਾਂ 'ਚ
ਗੁਵਾਚਾ
ਗੁਆਂਢੀ ਰੁੱਖਾਂ ਦਾ ਚਿਹਰਾ
ਆਪਣੇ ਅੰਦਰ ਤੇ
ਦੁਆਲੇ ਉੱਗਾਉਂਦਾ

ਸਾਰੀ ਸਾਰੀ ਰਾਤ
ਸਾਰਾ ਸਾਰਾ ਦਿਨ
ਉਸਨੂੰ ਤੱਕਦਾ ਰਹਿੰਦਾ
ਉਸ ਨੂੰ
ਨਿਹਾਰਦਾ ਰਹਿੰਦਾ
ਉਸ੍ ਤੋਂ
ਆਪਣਾ ਆਪਾ
ਵਾਰਦਾ ਰਹਿੰਦਾ
ਰੁੱਖ ਗੁਆਂਢੀ ਰੁੱਖ ਦੇ
ਚਿਹਰੇ ਤੇ
ਏਨਾ ਡੁੱਲ੍ਹ ਗਿਆ
ਆਪਣੇ ਬੀਜ ਦਾ
ਤੇ ਆਪਣਾ ਸੱਚ ਭੁੱਲ
ਗਿਆ

-0-

ਰੁੱਖ
ਆਪਣੇ ਆਪ 'ਚ
ਆਪਣੀ ਜੜ੍ਹ 'ਚ ਉਤਰਿਆ
ਬੜਾ ਹੈਰਾਨ ਹੋਇਆ
ਉਸ 'ਚ
ਬੀਜ ਨਹੀਂ ਸੀ ਜੜ੍ਹਾਂ ਸਨ

ਜਾਂ
ਉਹ ਆਪ ਸੀ
ਰੁੱਖ ਨੇ
ਆਪਣੇ ਫੱਲਾਂ ਵੱਲ
ਤੱਕਿਆ
ਫੱਲਾਂ ਚੋਂ ਬੀਜ
ਬੋਲਿਆ
ਤੂੰ ਜੋ ਰੁੱਖ ਤੋਂ ਕਾਫ਼ਲਾ
ਹੋਣ ਦਾ ਸੱਚ
ਬਾਹਰੋਂ ਭਾਲਦਾ ਫਿਰਦਾ ਹੈਂ
ਬੀਜ ਤੋਂ ਰੁੱਖ ਜਿੰਨੀ
ਉਮਰ
ਰੁੱਖ ਨੂੰ ਕਾਫ਼ਲੇ 'ਚ ਬਦਲਣ
ਲਈ ਗੁਜ਼ਾਰਦਾ ਫਿਰਦਾ ਹੈਂ
ਉਹ ਕਾਫ਼ਲਿਆਂ ਦੇ
ਜੰਗਲ
ਤੇਰੀਆਂ ਜੜ੍ਹਾਂ ਤਿਆਗ
ਤੇਰੇ
ਸਿਰ ਤੇ ਲੱਗੇ ਫੱਲਾਂ 'ਚ
ਉੱਗ ਆਏ ਹਨ

-0-

ਇਹ ਸੁਣਕੇ
ਰੁੱਖ ਬੀਜ ਹੋ ਗਿਆ
ਆਪਣੇ
ਫੱਲਾਂ 'ਚ ਉੱਗੇ ਬੀਜਾਂ ਦੇ
ਕਾਫ਼ਲਿਆਂ 'ਚ ਖੋਹ ਗਿਆ
ਰੁੱਖ ਤੋਂ ਰੁੱਖ
ਕਾਫ਼ਲਿਆਂ ਦਾ ਕਾਫ਼ਲਾ
ਹੋ ਗਿਆ

----

## ਈਰਖ਼ਾ

ਅਸੀਂ ਦੋਵੇਂ
ਇਕ ਪਹਾੜ ਦਾ
ਵਜੂਦ ਸਾਂ
ਸਾਨੂੰ ਵੰਡਿਆ ਹੈ
ਸਾਡੇ ਚੋਂ
ਨਿਕਲਦੇ ਦਰਿਆ ਨੇ

-0-

ਦਰਿਆ
ਜਦ ਸੁੱਕ ਜਾਂਦਾ ਹੈ
ਤਾਂ
ਅਸੀਂ ਆਪਣੀ ਆਪਣੀ
ਥਾਂ ਤੇ ਖੜ੍ਹੇ
ਇਕ ਦੂਜੇ ਵੱਲ
ਵੇਖਦੇ ਰਹਿੰਦੇ ਹਾਂ
ਇਕ ਦੂਜੇ ਤੋਂ ਜੁਦਾ ਹੋਣ
ਦਾ
ਸਰਾਪ ਨਹੀਂ
ਵਰ ਹੰਢਾਉਂਦੇ ਹਾਂ
ਜਦੋਂ ਦਰਿਆ ਦਾ
ਵਜੂਦ ਸੁੱਕ ਕੇ

ਸਾਡੇ ਚੋਂ
ਅਲੋਪ ਹੋ ਜਾਂਦਾ ਹੈ
ਪਰ ਅਸੀਂ ਫਿਰ ਵੀ
ਅਲੱਗ ਅੱਲਗ ਹੀ
ਰਹਿੰਦੇ ਹਾਂ
ਮਿਲਦੇ ਕਿਉਂ ਨਹੀਂ

-0-

ਪਹਿਲਾ
ਪਹਾੜ ਬੋਲਿਆ
ਸਾਥੀ
ਮੈਂ ਤੈਨੂੰ ਤੇ ਤੇਰੀ
ਹਰਿਆਵਲ ਨੂੰ ਵੇਖ ਕੇ
ਆਪਣੇ ਆਪ ਨੂੰ
ਹਰਾ ਰੱਖਣ ਦਾ ਯਤਨ
ਕਰਦਾ ਹਾਂ
ਆਪਣੀਆਂ ਟੀਸੀਆਂ
ਤੇਰੀਆਂ ਟੀਸੀਆਂ ਤੋਂ
ਉੱਚੀਆਂ
ਵੇਖਣੀਆਂ ਚਾਹੁੰਦਾ ਹਾਂ
ਇਹ ਸਭ
ਮੈਂ ਤੇਰੇ ਅਕਾਰ ਤੇ
ਵਿਕਾਰ ਤੋਂ ਸਿੱਖਦਾ ਹਾਂ

ਪਾਉਂਦਾ ਹਾਂ
ਮੈਂ ਨਹੀਂ ਚਾਹੁੰਦਾ
ਕਿ ਮੈਂ ਸਮੇਂ ਦੀ ਦੌੜ 'ਚ
ਤੇਰੇ ਤੋਂ ਪਿੱਛੇ ਰਹਾਂ
ਮੈਂ ਚਾਹੁੰਦਾ ਹਾਂ
ਤੇਰੇ ਤੋਂ ਹਮੇਸ਼ਾ ਵੱਧ
ਪ੍ਰਫੁੱਲਤ ਤੇ ਹਰਿਆ
ਭਰਿਆ ਰਹਾਂ

-0-

ਦੂਜਾ
ਪਹਾੜ ਬੋਲਿਆ
ਮੈਂ ਤੈਨੂੰ ਵੇਖ ਕੇ
ਆਪਣੇ ਅਕਾਰ ਦਾ
ਵਿਕਾਸ ਕਰਦਾ ਹਾਂ
ਆਪਣਾ ਆਪਾ
ਹਰਿਆਵਲ
ਤੇ ਫੁੱਲਾਂ ਫੱਲਾਂ ਨਾਲ
ਭਰਦਾ ਹਾਂ
ਜਦ ਤੂੰ ਸੁੱਤਾ ਹੁੰਦਾ ਹੈਂ
ਮੈਂ ਜਾਗਦਾ ਹਾਂ

ਸੋਚਦਾ ਹਾਂ
ਕਿ ਮੈਂ ਕਿਵੇਂ
ਤੇਰੇ ਨਾਲੋਂ ਅੱਗੇ ਲੰਘ
ਸਕਾਂਗਾ
ਆਪਣੇ ਆਪ ਨੂੰ
ਤੇਰੇ ਨਾਲੋਂ
ਦੁਗਣਾ ਕਰ ਸਕਾਂਗਾ

-0-

ਮੈਂ ਤੇਰੇ ਤੋਂ
ਈਰਖ਼ਾ ਕਰਦਾ ਹਾਂ
ਤੂੰ ਮੇਰੇ ਤੋਂ
ਈਰਖ਼ਾ ਕਰਦਾ ਹੈਂ
ਇਹ ਈਰਖ਼ਾ ਹੀ
ਤੈਨੂੰ ਤੇ ਮੈਨੂੰ
ਹਰਿਆ ਰੱਖਦੀ ਹੈ
ਸਾਡੇ ਦੋਹਾਂ ਦਾ
ਵਿਕਾਸ ਕਰਦੀ ਹੈ
ਮੈਂ ਆਪਣਾ ਚਿਹਰਾ
ਤੇਰੇ ਦਰਪਣ ਚੋਂ
ਤੱਕਦਾ ਹਾਂ

ਤੂੰ ਆਪਣਾ ਚਿਹਰਾ
ਮੇਰੇ ਦਰਪਣ ਚੋਂ
ਤੱਕਦਾ ਹੈਂ
ਮੈਂ ਤੇਰੇ ਤੋਂ ਅਗੇਰੇ
ਕਦਮ ਧਰਦਾ ਹਾਂ
ਤੂੰ ਮੇਰੇ ਤੋਂ
ਅਗੇਰੇ ਕਦਮ ਧਰਦਾ
ਹੈਂ
ਇਸ ਈਰਖ਼ਾ ਸਦਕਾ ਹੀ
ਤੇਰਾ ਮੇਰਾ ਅਕਾਰ
ਆਪਣੀ ਵੰਡ ਤੋਂ
ਪਹਿਲਾ ਜਿੱਡਾ
ਇਕੱਲੇ ਇਕੱਲੇ ਦਾ
ਹੋ ਗਿਆ ਹੈ
ਜਿਮੀਂ ਤੋਂ ਉੱਠਿਆ ਸੀ
ਅੰਬਰ ਨੂੰ ਛੋਹ ਗਿਆ ਹੈ

–0–

ਸਾਨੂੰ ਮਿਲਣ ਦੀ ਥਾਂ
ਇਹ ਦਰਿਆ
ਸਦਾ ਭਰਿਆ

ਰੱਖਣਾ ਚਾਹੀਦਾ ਹੈ
ਇਹ ਸਾਡੇ ਚੋਂ ਨਿਕਲਦਾ ਹੈ
ਇਹ ਕਦੀ ਨਾ ਸੁੱਕੇ
ਤੇ ਸਾਡੇ
ਵਿਚਲੀ ਈਰਖ਼ਾ
ਕਦੀ ਨਾ ਮੁੱਕੇ
ਜੋ ਸਾਡੀ ਹਰਿਆਵਲ
ਦੀ ਜੜ੍ਹ ਹੈ
ਸਾਡੇ ਅਕਾਰ ਤੇ
ਵਿਕਾਰ ਦੀ ਜੜ੍ਹ ਹੈ
ਸਾਡੇ ਜੀਵਨ ਦੀ ਖ਼ੁਸ਼ੀ ਹੈ
ਸਾਡੀ ਰੌਣਕ ਬਹਾਰ ਹੈ
ਇਹ ਈਰਖ਼ਾ
ਜੋ ਤੇਰੇ ਤੇ ਮੇਰੇ ਵਿਚਕਾਰ ਹੈ

----

## ਜਨਮ ਮਰਨ

ਅਸਾਂ ਚੁੱਕਿਆ ਹੈ
ਆਪਣੀ ਪਿੱਠ ਤੇ
ਪਰਤ ਪਰਤ ਕੇ ਆਉਣ
ਦਾ ਭਾਰ
ਨਾ ਆਪਾ ਸਮਝਣ ਦਾ
ਨਾ ਆਪਾ ਪਾਉਣ ਦਾ ਭਾਰ

–0–

ਆਪਣਾ
ਆਪ ਹੀ ਹੰਢਾਉਣਾ
ਆਪਣੇ ਆਪ ਨੂੰ
ਮੰਡੀਆਂ ਬਜ਼ਾਰਾਂ 'ਚ
ਸਜਾਉਣਾ
ਆਪਣੇ ਆਪ ਨੂੰ ਖ਼ਰੀਦਣਾ
ਆਪਣੇ
ਆਪ ਨੂੰ ਵੇਚਣਾ
ਅਸੀਂ ਨਾ ਆਪਣੀ ਕਦਰ
ਨਾ ਆਪਣਾ
ਮੁੱਲ ਹੀ ਜਾਤਾ
ਨਾ ਆਪਣਾ ਝੂਠ
ਨਾ ਆਪਣਾ ਸੱਚ ਪਛਾਤਾ
ਲੀਕਾਂ ਪਿੱਟਦੇ ਗਏ

ਲੀਕਾਂ ਤੇ ਤੁਰਦੇ ਗਏ
ਉਧਰ ਹੀ ਮੰਜ਼ਿਲ ਸਮਝੀ
ਜਿਧਰ ਪੈਰਾਂ ਨੂੰ
ਰਾਹ ਲੈ ਗਏ

-0-

ਇਕ ਤੋਂ ਦੋ ਹੋਏ
ਦੋ ਤੋਂ ਤਿੰਨ ਹੋਏ
ਪਿੰਡ ਹੋਏ ਸ਼ਹਿਰ ਹੋਏ
ਦੇਸ਼ ਹੋਏ ਸੰਸਾਰ ਹੋਏ
ਕਦੀ ਕੁੰਨੀਆਂ 'ਚ
ਕਦੀ ਕੁੱਕਰਾਂ 'ਚ ਰਿੱਝੇ
ਕਦੇ ਖ਼ਾਲੀ ਘੜਿਆਂ
ਗਾਗਰਾਂ 'ਚ ਭਰੇ ਗਏ
ਕਦੀ
ਜੀਵਨ ਦੀ ਧੁੱਪ 'ਚ ਸੜੇ
ਕਦੀ ਛਾਂ 'ਚ ਠਰੇ
ਕੱਚਿਆਂ ਘਰਾਂ ਕੰਧਾਂ ਤੇ
ਚੋਂਦੀਆਂ ਛੱਤਾਂ ਹੇਠ
ਆਪਣੀ ਉਮਰ ਗੁਜ਼ਾਰ ਲਈ
ਇਕ ਜਨਮ ਦੀ ਗੱਠੜੀ
ਸਿਰ ਤੇ ਰੱਖੀ

ਦੂਜੀ ਉਤਾਰ ਲਈ

–0–

ਇਕ ਜਨਮ ਜੀਅ ਕੇ
ਮਰਨ ਤੋਂ ਪਹਿਲਾਂ ਹੀ
ਦੂਜੀ ਜੂਨੇ ਆ ਗਏ
ਮੁੱਕਾ ਨਾ ਸਫ਼ਰ ਜੂਨਾਂ ਦਾ
ਕਈ ਸਦੀਆਂ
ਕਈ ਯੁੱਗ ਖਾ ਗਏ

–0–

ਜੀਵਨ ਪਟੜੀ ਤੇ
ਰੇਲ ਜਿਹਾ ਸਫ਼ਰ ਰਿਹਾ
ਕਿੱਧਰੇ ਉਤਰੇ
ਕਿੱਧਰੇ ਚੜ੍ਹੇ
ਕਿੱਧਰੇ ਰੇਲ ਛੁਟੀ
ਰਹੇ ਖੜ੍ਹੇ ਦੇ ਖੜ੍ਹੇ
ਗੱਡੀਆਂ
ਆਉਂਦੀਆਂ ਜਾਂਦੀਆਂ
ਰਹੀਆਂ
ਸਟੇਸ਼ਨਾਂ ਤੇ ਰੁਕਦੀਆਂ ਰਹੀਆਂ
ਸਟੇਸ਼ਨ ਛੱਡਦੀਆਂ
ਰਹੀਆਂ
ਅਸੀਂ ਨਾ ਰੇਲ ਹੀ ਬਣੇ

ਨਾ ਸਟੇਸ਼ਨ ਹੀ ਬਣੇ
ਅਸੀਂ ਮੁਸਾਫ਼ਰ ਦੇ
ਮੁਸਾਫ਼ਰ ਹੀ ਰਹੇ
ਹਰ ਵ਼ਾਰ ਜਨਮਦੇ
ਹਰ ਵਾਰ ਮਰਦੇ ਰਹੇ
ਜੀਵਨ ਸਫ਼ਰ ਸੀ
ਸਫ਼ਰ ਹੀ ਕਰਦੇ ਰਹੇ
ਆਉਂਦੇ ਰਹੇ
ਜਾਂਦੇ ਰਹੇ
ਇਹ ਸਫ਼ਰ ਹੀ
ਮੁਕਾਉਂਦੇ ਰਹੇ

-0-

ਕੁੱਖ ਵੀ ਹੰਢਾਈ
ਕਬਰ ਵੀ ਹੰਢਾਈ ਅਸਾਂ
ਜੀਵਨ ਨਦੀ
ਤਰ ਕੇ ਵੀ ਡੁੱਬੇ
ਡੁੱਬ ਕੇ ਵੀ ਤਰੇ ਅਸੀਂ
ਪਰ ਪਤਾ ਨਹੀਂ
ਅਸੀਂ ਕੀ ਹਾਂ ਕੌਣ ਹਾਂ
ਕਿੱਥੋਂ ਆਏ ਹਾਂ
ਕਿੱਥੇ ਜਾਣਾ ਹੈ

ਕਿੱਥੇ ਆਦਿ ਹੈ
ਕਿੱਥੇ ਅੰਤ ਹੈ
ਕਿੱਥੇ ਸਾਡਾ ਟਿਕਾਣਾ ਹੈ

–0–

ਅਸੀਂ
ਸਫ਼ਰ 'ਚ ਪੈਰ
ਕਿ ਪੈਰ 'ਚ ਸਫ਼ਰ ਧਰਦੇ
ਹਾਂ
ਦਿਸ਼ਾਵਾਂ 'ਚ ਪਾਟੇ ਹਾਂ
ਜਿਸਮਾਂ 'ਚ
ਤਿੜਕੇ ਹਾਂ
ਜੀਵਨ ਮਧਾਨੀ ਦੇ ਰਿੜਕੇ ਹਾਂ
ਪਰ ਸਾਂਡੇ ਚੋਂ
ਜੀਵਨ ਨੂੰ ਆਪਣਾ
ਸਾਨੂੰ ਜੀਵਨ ਚੋਂ ਆਪਣਾ
ਕੁੱਝ ਵੀ ਨਜ਼ਰ ਨਹੀਂ ਆਇਆ
ਅਸੀਂ ਇਕ ਜਨਮ
ਮਰਨ ਲਈ ਜਿਉਂਦੇ ਹਾਂ
ਇਕ ਜਨਮ
ਜਿਉਣ ਲਈ ਮਰਦੇ ਹਾਂ

ਜਨਮ
ਮਰਨ ਦਾ ਝੋਲਾ
ਸ਼ਿਊਂਦੇ ਹਾਂ
ਜਨਮ
ਮਰਨ ਦਾ ਚੱਕਰ
ਹੰਢਾਉਂਦੇ ਹਾਂ

-0-

ਅਸਾਂ ਚੁੱਕਿਆ ਹੈ
ਆਪਣੀ ਪਿੱਠ ਤੇ
ਪਰਤ ਪਰਤ ਕੇ
ਆਉਣ ਦਾ ਭਾਰ
ਨਾ ਆਪਾ ਸਮਝਣ ਦਾ
ਨਾ ਆਪਾ ਪਾਉਣ ਦਾ ਭਰ

----

## ਗੰਢਾਂ

ਅੱਜ ਤੇਰਿਆਂ ਸ਼ਬਦਾਂ
ਤੇ ਮੇਰਿਆਂ ਬੋਲਾਂ
ਜੋ ਆਪਣੇ ਆਪ
ਵਿਚ ਗੰਢ ਪਾਈ ਹੈ
ਤੇਰੀ ਤੇ ਮੇਰੀ ਦੇਹ 'ਚ
ਅਰਥਾਂ ਦੀ ਨਦੀ
ਵਗਾਈ ਹੈ
ਉਸਨੂੰ ਵਹਾਉਂਦਿਆਂ ਰੱਖੀਂ
ਸੁੱਕਣ ਨਾ ਦੇਵੀਂ
ਮੈਂ
ਕਿਨਾਰਿਆਂ ਵਾਂਗ
ਤੇਰੇ ਨਾਲ ਨਾਲ ਤੁਰਦਾ
ਰਹਾਂਗਾ
ਤੇਰੇ ਜਲ 'ਚ
ਆਪਣਾ ਪਿੰਡਾ
ਖੋਰਦਾ ਰਹਾਂਗਾ
ਤੇਰੀ ਚੁੱਪ ਚੋਂ
ਹਮੇਸ਼ਾ ਬੋਲਦਾ ਰਹਾਂਗਾ

-0-

ਇਸ ਗੰਢ ਦੇ ਵਜ਼ੂਦ ਨੇ
ਕਈ ਹਨ੍ਹੇਰੀਆਂ

ਝੱਖੜ ਤੇ ਤੂਫ਼ਾਨ
ਝੱਲਣੇ ਹਨ
ਕਦੀ ਇਸ ਗੰਢ
ਦੇ ਪਿੰਡੇ 'ਚ
ਸਰਦ ਝੀਲਾਂ ਵਗਣੀਆਂ
ਹਨ
ਕਦੀ
ਇਸ ਗੰਢ ਨੇ ਅੱਗ ਦੇ
ਦਰਿਆ ਤਰਨੇ ਹਨ
ਕਦੀ ਸਮੁੰਦਰ 'ਚ
ਉਤਰਨਾ ਹੈ
ਕਦੀ ਪਹਾੜਾਂ ਤੇ ਚੜ੍ਹਨਾ ਹੈ
ਕਦੀ
ਜ਼ਲਜ਼ਲਿਆਂ ਦੇ ਪਿੰਡੇ
ਹੰਢਾਉਣੇ ਹਨ
ਕਦੀ ਸੂਰਜਾਂ 'ਚ ਉਤਰਨਾ
ਹੈ
ਕਦੀ ਸੁੱਖਾਂ ਦੀ ਛਾਂ
ਹੰਢਾਉਣੀ ਹੈ
ਕਦੀ ਦੁੱਖਾਂ ਦੀ ਆਗੋਸ਼ 'ਚ
ਬੈਠ ਜਾਣਾ ਹੈ
-0-

ਇਹ ਗੰਢ
ਤੇਰੇ ਮੇਰੇ ਵਜ਼ੂਦ ਦਾ
ਆਦਿ ਵੀ ਹੈ
ਅੰਤ ਵੀ ਹੈ
ਇਹ ਅੰਕੁਰ ਵੀ ਹੈ
ਆਨੰਤ ਵੀ ਹੈ
ਇਸ 'ਚ
ਆਪਣਾ ਚਾਨਣ ਜਗਾ ਕੇ
ਰੱਖੀਂ
ਆਪਣੇ ਸਾਹਾਂ ਨਾਲ
ਲਾ ਕੇ ਰੱਖੀਂ
ਇਸ 'ਚ
ਆਪਣੇ ਲਹੂ ਦਾ ਰੰਗ
ਭਰਕੇ
ਕਿਰਨਾਂ 'ਚ ਲਪੇਟ ਲਈਂ
ਇਸਦੇ ਵਜ਼ੂਦ 'ਚ
ਸੂਰਜਾਂ ਦੀ ਲੌਅ ਕਰ
ਦੇਵੀਂ
ਮੈਂ ਆਪਣੀ ਚਾਂਦਨੀ
ਨਾਲ
ਇਸ 'ਚ
ਆਪਣੀ ਠੰਡ ਵਰਤਾਉਂਦਾ
ਰਹਾਂਗਾ

ਇਸ 'ਚ
ਤਾਰਿਆਂ ਦੀ ਲੋਅ
ਘੋਲਦਾ ਰਹਾਂਗਾ
ਇਹਦੀ ਨਜ਼ਰ 'ਚ
ਅੰਬਰ ਵਸਾਉਂਦਾ ਰਹਾਂਗਾ

-0-

ਮੈਂ
ਇਹਦੇ ਪਿੰਡੇ 'ਚ
ਮੌਸਮ ਬਹਾਰਾਂ ਤੇ ਰੁੱਤਾਂ
ਬੀਜਦਾ ਰਹਾਂਗਾ
ਆਪਣੇ ਲਹੂ ਨਾਲ
ਪਸੀਜਦਾ ਰਹਾਂਗਾ
ਆਪਣੇ ਅੰਗ ਨਕਸ਼
ਰੂਪ ਤੇ ਨੁਹਾਰ
ਇਸ 'ਚ ਧਰਦਾ ਰਹਾਂਗਾ
ਕਿ ਤੈਨੂੰ
ਇਸ ਚੋਂ ਮੈਂ ਹੀ
ਨਜ਼ਰ ਆਵਾਂਗਾ
ਤੂੰ ਵੀ ਆਪਣੀ
ਸ਼ਨਾਖ਼ਤ
ਆਪਣੀ ਪਹਿਚਾਣ
ਇਸ 'ਚ
ਉਤਾਰ ਦੇਵੀਂ
ਤਾਂ ਕਿ ਇਸ ਚੋਂ

ਤੂੰ ਹੀ ਤੂੰ ਨਜ਼ਰ ਆਵੇਂ
ਮੈਂ
ਇਹਦਾ ਦਰਪਣ ਬਣਾ
ਮੇਰੇ ਚੋਂ
ਤੇਰਾ ਚਿਹਰਾ ਨਜ਼ਰ
ਆਵੇ
ਤੂੰ ਇਹਦਾ ਦਰਪਣ ਬਣੇਂ
ਤੇਰੇ ਚੋਂ
ਮੇਰਾ ਚਿਹਰਾ ਨਜ਼ਰ ਆਵੇ

-0-

ਇਸ ਗੰਢ ਨੂੰ ਜਿਉਂਦੇ
ਮੇਰੇ ਕਿਨਾਰੇ
ਤੇਰੇ 'ਚ ਘੁਲ ਜਾਵਣ
ਤੇਰਾ ਪਾਣੀ
ਮੇਰੇ 'ਚ ਸਮਾ ਜਾਵੇ
ਤੇਰੀ ਪਹਿਚਾਣ ਮਿਟ
ਜਾਵੇ
ਮੇਰੀ ਹੋਂਦ ਹੋ ਜਾਵੇ
ਇਸ ਗੰਢ ਨੂੰ ਸੂਰਜ
ਤੱਕੇ
ਤਾਂ ਤੇਰਾ ਚਿਹਰਾ

ਪਹਿਚਾਣ ਲਵੇ
ਸਮਾਂ ਤੱਕੇ
ਤਾਂ ਮੇਰਾ ਚਿਹਰਾ
ਸਿਆਣ ਲਵੇ
ਇਹ ਗੰਢ
ਸੂਰਜਾਂ ਦੇ ਤੇਜ਼ ਸਮੇਂ
ਦਾ ਵਜ਼ੂਦ ਹੋ ਜਾਵੇ
ਇਸਦਾ ਚਿਹਰਾ
ਜਗਤ ਕਦੀ ਨਾ ਭੁੱਲੇ
ਰਹਿੰਦੀ ਦੁਨੀਆਂ ਤਕ
ਤੇਰੀ ਤੇ ਮੇਰੀ
ਗੰਢ ਨਾ ਖੁੱਲ੍ਹੇ

-0-

ਅੱਜ ਤੇਰਿਆਂ ਸ਼ਬਦਾਂ
ਮੇਰਿਆਂ ਬੋਲਾਂ
ਜੋ ਗੰਢ ਪਾਈ ਹੈ
ਤੇਰੀ ਤੇ ਮੇਰੀ ਦੇਹ 'ਚ
ਜੋ ਅਰਥਾਂ ਦੀ ਨਦੀ
ਵਗਾਈ ਹੈ
ਉਸਨੂੰ ਵਗਦਿਆਂ ਰੱਖੀ

----

## ਜਵਾਲਾ

ਇਹ ਜੋ
ਜਗਦੀਆਂ ਰੌਸ਼ਨੀਆਂ
ਹਨ
ਚੇਤਨ ਮਨੁੱਖ ਦੇ ਮਨ ਦੀ
ਜਵਾਲਾ ਹਨ
ਚੰਨਾਂ ਤਾਰਿਆਂ ਦੀ ਸੂਹ ਹਨ
ਸੂਰਜਾਂ ਦਾ ਹਵਾਲਾ ਹਨ

-0-

ਇਹ ਰੌਸ਼ਨੀਆਂ
ਜਦ
ਜੰਗਲ ਤੇ ਪੈਂਦੀਆਂ ਹਨ
ਜੰਗਲ ਦੇ ਦਿਲ ਦਾ
ਦਰਦ ਸਹਿੰਦੀਆਂ ਹਨ
ਜੰਗਲ ਦੀ
ਜੜ੍ਹ 'ਚ ਉਤਰਦੀਆਂ ਹਨ
ਜੰਗਲ ਦੇ
ਸਿਰ 'ਚ ਤੁਰਦੀਆਂ ਹਨ
ਜੰਗਲ ਤੁਰਨਾ ਤਰਨਾ ਤੇ
ਉੱਡਣਾ ਸਿੱਖਦਾ ਹੈ

ਇਨ੍ਹਾਂ ਰੌਸ਼ਨੀਆਂ 'ਚ
ਆਪਣੀ ਕਿਸਮਤ
ਆਪਣੇ ਹੱਥੀਂ ਲਿਖਦਾ
ਹੈ

-0-

ਇਹ ਰੌਸ਼ਨੀਆਂ
ਜਦ ਸਾਗਰ 'ਚ ਉਤਰ
ਦੀਆਂ ਹਨ
ਸਾਗਰ ਗ਼ਫ਼ੂਰ ਹੁੰਦਾ ਹੈ
ਬੱਦਲ ਬਣਦਾ ਹੈ
ਤੇ ਸਾਰੇ ਦਾ ਸਾਰਾ
ਸਹਿਰਾ ਤੇ ਵਰ੍ਹਦਾ ਹੈ
ਇਨ੍ਹਾਂ ਰੌਸ਼ਨੀਆਂ 'ਚ
ਆਪਣੀ ਕਿਸਮਤ
ਆਪਣੇ ਹੱਥੀਂ ਆਪ
ਲਿਖਦਾ ਹੈ
ਕੁਦਰਤੀ ਹਰਿਆਵਲ
ਆਪਣੇ 'ਚ ਉਤਾਰਦਾ ਹੈ
ਮੌਸਮਾਂ ਬਹਾਰਾਂ ਰੁੱਤਾਂ
ਖ਼ੁਸ਼ਬੂਆਂ ਦਾ ਰੂਪ
ਧਾਰਦਾ ਹੈ

-0-

ਇਹ ਰੌਸ਼ਨੀਆਂ
ਜਦ ਬਾਰੂਦ 'ਚ ਉਤਰਦੀਆਂ
ਹਨ
ਤਾਂ ਬਾਰੂਦ ਦਾ ਪਿੰਡਾ
ਠਰਦਾ ਹੈ
ਬਾਰੂਦ ਆਪਣਾ ਆਪ
ਧਰਤੀ 'ਚ ਧਰਦਾ ਹੈ
ਅਨਾਜ ਬਣ ਕੇ
ਖੇਤਾਂ ਚੋਂ ਉੱਗਦਾ ਹੈ
ਮਨੁੱਖਤਾ ਦੀ ਪਿਆਸ
ਤੇ ਭੁੱਖ ਮਿਟਾਉਂਦਾ ਹੈ
ਧਰਤੀ ਦੇ ਅੰਗ
ਸਬਜ਼ੇ ਕਰਦਾ ਹੈ
ਅੱਗ ਚੋਂ ਨਿੱਘ ਜਨਮਦਾ ਹੈ
ਠਰਦੀਆਂ ਪੌਣਾਂ
ਦੇ ਪਿੰਡੇ ਧਰਦਾ ਹੈ
ਇਨ੍ਹਾਂ ਰੌਸ਼ਨੀਆਂ 'ਚ
ਬਾਰੂਦ
ਆਪਣੀ ਕਿਸਮਤ
ਆਪਣੇ ਹੱਥੀਂ ਲਿਖਦਾ ਹੈ
ਆਪਣੀ ਅੱਗ ਚੋਂ
ਠੰਡੀਆਂ ਰੁੱਤਾਂ ਤੇ ਮੌਸਮ

ਸਿਰਜਦਾ ਹੈ

-0-

ਇਹ ਰੌਸ਼ਨੀਆਂ
ਜਦ ਮਨੁੱਖ ਤੇ ਪੈਂਦੀਆਂ
ਹਨ
ਮਨੁੱਖ ਚੋਂ
ਨਵੇਂ ਮਨੁੱਖ ਦਾ ਨਿਰਮਾਣ
ਹੁੰਦਾ ਹੈ
ਮਨੁੱਖ ਚੋਂ ਸਿਰਜੀ
ਮਨੁੱਖਤਾ ਦਾ
ਮਨੁੱਖ ਹੀ ਭਗਵਾਨ
ਹੁੰਦਾ ਹੈ
ਮਨੁੱਖਤਾ ਦੀ ਕੁਦਰਤੀ
ਵਭਿੰਨਤਾ ਚੋਂ
ਇਕਾਈ ਜਨਮਦੀ ਹੈ
ਸਾਰੀ ਬ੍ਰਹਿਮੰਡਤਾ
ਆਪਣੇ ਆਪ ਨੂੰ
ਏਕੇ ਦੀ ਸਿਰਜਣਾ ਦੱਸਦੀ
ਹੈ
ਮਨੁੱਖ
ਇਨ੍ਹਾਂ ਰੌਸ਼ਨੀਆਂ 'ਚ
ਆਪਣੀ ਕਿਸਮਤ

ਆਪਣੇ ਹੱਥੀਂ ਆਪ
ਲਿਖਦਾ ਹੈ
ਆਪਣੇ ਚੋਂ ਮਨੁੱਖਤਾ
ਅਨੁਕੂਲ ਵਿਸ਼ਵ ਸਿਰਜਦਾ ਹੈ
ਆਪਣੇ
ਸੱਚ ਦਾ ਸੂਰਜ
ਕਣ ਕਣ 'ਚ ਉਤਾਰਦਾ ਹੈ
ਆਪਣੀ
ਰੌਸ਼ਨੀ ਸਦਕਾ
ਸਾਰਾ ਜਗਤ ਰੁਸ਼ਨਾਉਂਦਾ
ਵਿਸ਼ਵ ਦੇ ਗ਼ਮ 'ਚ
ਉਤਰਦਾ ਹੈ
ਵਿਸ਼ਵ ਦਾ ਸੁੱਖ ਦਾਤਾ
ਅਖਵਾਉਂਦਾ ਹੈ

-0-

ਇਹ
ਰੌਸ਼ਨੀਆਂ
ਮਨੁੱਖ ਧਰਤੀ ਦੇ
ਕਣ ਕਣ 'ਚ ਬੀਜਦਾ ਹੈ
ਅੰਬਰ ਤੇ ਉੱਗਾਉਂਦਾ ਹੈ
ਮਨੁੱਖਤਾ ਦੇ
ਲਹੂ 'ਚ ਉਤਾਰਦਾ ਹੈ

ਮਨੁੱਖਤਾ 'ਚ
ਸੱਚ ਸੁੰਦਰਤਾ ਤੇ ਕਲਿਆਣ
ਉਸਾਰਦਾ ਹੈ
ਕਿ ਦੁਨੀਆਂ
ਆਪਣੇ ਸਿਰਜਕ ਵਾਂਗ
ਨੂਰ ਦਾ ਰੂਪ ਹੋ ਜਾਏ
ਦਯਾ ਦੀ ਮੂਰਤੀ
ਕਰਤੇ ਦਾ ਸਰੂਪ ਹੋ ਜਾਏ

----

## ਜਲ ਦਾ ਭਾਰ

ਝਰਨਾਂ ਗਿਰਦਾ ਹੈ
ਚਸ਼ਮਾਂ ਉੱਠਦਾ ਹੈ
ਪਹਾੜ ਹੈ
ਜਾਂ ਧਰਤ ਹੈ
ਦੋਹਾਂ ਦੇ ਸਿਰ ਤੋਂ ਹੀ
ਜਲ ਦਾ ਭਾਰ
ਉਤਰਦਾ ਹੈ

-0-

ਆਦਮੀ
ਆਪਣੇ ਜਲ ਦਾ
ਭਾਰ ਉੱਠਾਈ ਫਿਰਦਾ ਹੈ
ਜਦ ਆਦਮੀ
ਤੱਤੀਆਂ ਤੱਵੀਆਂ ਤੇ
ਬਹਿੰਦਾ ਹੈ
ਦੇਗ਼ਾਂ 'ਚ ਉੱਬਲਦਾ ਹੈ
ਤੇ ਜਲ ਤੋਂ ਭਾਫ਼
ਬਣਦਾ ਹੈ

ਅੰਬਰ ਤੋਂ
ਧਰਤੀ ਤੇ ਵਰ੍ਹਦਾ ਹੈ
ਕਦੀ ਜਲ ਦਾ ਭਾਰ
ਆਦਮੀ ਆਪਣੇ
ਪਿੰਡੇ ਤੋਂ ਉਤਾਰਦਾ ਹੈ
ਕਦੀ
ਆਪਣੀ ਦੇਹ 'ਚ ਧਰਦਾ ਹੈ
ਆਦਮੀ
ਜੋ ਜਲ ਦਾ ਰੁੱਖ਼ ਹੈ
ਜਲ ਤੋਂ ਭਾਫ਼ ਤੱਕ ਦਾ
ਸਫ਼ਰ ਕਰਦਾ ਹੈ
ਭਾਫ਼ ਜੋ ਜਲ ਦਾ ਸੱਚ ਹੈ
ਸੱਚ ਦੀ ਦੇਹ
ਜਲ ਤਰਦਾ ਹੈ

-0-

ਔਰਤ
ਜਲ ਚੋਂ ਜਲ ਨੂੰ ਜਨਮਦੀ ਹੈ
ਮਨੁੱਖੀ ਜਲ ਦੇ ਰੁੱਖਾਂ ਦਾ
ਜੰਗਲ ਉਗਾਉਂਦੀ ਹੈ
ਜੰਗਲ ਚੋਂ

ਪ੍ਰਕਿਰਤੀ ਬਣਕੇ ਨਜ਼ਰ
ਆਉਂਦੀ ਹੈ
ਪ੍ਰਕਿਰ੍ਤੀ ਹੀ ਤਾਂ ਹੈ
ਜੋ ਕਰਤੇ ਦਾ ਰੂਪ ਕਹਾਉਂਦੀ ਹੈ
ਜਲ
ਸੂਰਜ ਦੀ ਦੇਹ 'ਚ ਰਿੱਝਦਾ ਹੈ
ਆਪਣਾ ਸੱਚ ਪਾਉਂਦਾ ਹੈ
ਔਰਤ ਨਾ ਭਾਫ਼
ਨਾ ਬੱਦਲ ਨਾ ਜਲ
ਕਹਾਉਂਦੀ ਹੈ
ਜਲ ਤੇ ਭਾਫ਼ ਦੀ
ਉਤਪੱਤੀ ਦਾ ਕਰਤਾ
ਜੋ ਜਲ 'ਚ ਰੱਸ ਰੂਪ ਹੈ
ਉਸ ਰੱਸ ਰੂਪ ਦਾ ਸੱਚ
ਕਹਾਉਂਦੀ ਹੈ

-0-

ਝਰਨਾਂ ਗਿਰਦਾ ਹੈ
ਚਸ਼ਮਾਂ ਉੱਠਦਾ ਹੈ
ਪਹਾੜ ਹੈ ਜਾਂ ਧਰਤ ਹੈ
ਦੋਹਾਂ ਦੇ ਸਿਰ ਤੋਂ ਹੀ
ਜਲ ਦਾ ਭਾਰ ਉਤਰਦਾ ਹੈ

----

## ਨਦੀ ਦਾ ਸੱਚ

ਸੂਰਜ ਡੁੱਬਾ ਸ਼ਾਮ
ਢਲੀ
ਇਕ ਨਦੀ ਕਿਨਾਰੇ
ਊਂਘਣ ਲੱਗੇ ਰੁੱਖ ਤੇ
ਪੱਤਰ
ਰੁੱਖਾਂ 'ਤੇ ਪੰਛੀਆਂ
ਚੀਕ ਚਿਹਾੜੇ ਪਾਏ

-0-

ਸੋਚੇ ਨਦੀ
ਸੂਰਜ ਸੀ
ਮੇਰੇ ਦਿਨ ਦਾ ਸਾਥੀ
ਮਲਾਹ ਬੇੜੀ
ਤੇ ਪੂਰ ਹਯਾਤੀ

-0-

ਕਾਲੀ ਬੋਲੀ ਰਾਤ
ਨਦੀ ਦੀ ਸਰਦਲ ਤੇ
ਆਈ
ਆਪਣੇ ਆਪ 'ਚ
ਸੁੰਗੜੀ ਨਦੀ ਤੇ ਘਬਰਾਈ

ਇਕੱਲੀ ਕਿੰਜ
ਇਹ ਲੰਬੀ ਰਾਤ
ਗੁਜ਼ਾਰਾਂਗੀ
ਕਿੰਜ ਹਨ੍ਹੇਰੇ ਦਾ ਡਰ
ਆਪਣੇ
ਸਿਰੋਂ ਉਤਾਰਾਂਗੀ

-0-

ਰਾਤ ਹੋਈ
ਚੰਨ ਨਦੀ ਚੋਂ ਚੜ੍ਹਿਆ
ਤਾਰਿਆਂ ਦਾ ਝੁਰਮਟ
ਨਦੀ ਦੇ ਵਿਹੜੇ
ਵੜਿਆ
ਥਾਲ੍ਹ ਗਗਨ ਦਾ
ਨਦੀ ਦੀ ਦੇਹ ਸਮਾਇਆ
ਨੂਰ ਅੰਬਰ ਦਾ
ਨਦੀ ਦੇ ਨੈਣੀਂ ਉਤਰ
ਆਇਆ

-0-

ਚਾਨਣੀ ਦੀ ਬੁੱਕਲ ਮਾਰ
ਨਦੀ ਹਨ੍ਹੇਰੀ
ਰਾਤ ਚੋਂ ਗੁਜ਼ਰੀ

ਚੰਨਾਂ ਤਾਰਿਆਂ ਦੀ
ਲੈ ਸੌਗਾਤ
ਦਰ ਪ੍ਰਭਾਤ ਦੇ ਉਤਰੀ
ਤੱਕਿਆ ਨਦੀ ਨੇ
ਚੰਨ ਦੀ ਥਾਂ
ਨਦੀ ਦੇ ਪਿੰਡਿਓਂ
ਸੂਰਜ ਚੜ੍ਹ ਆਇਆ
ਮਲਾਹ ਬੇੜੀ
ਤੇ ਪੂਰ ਨੇ
ਨਦੀ ਦੀ ਦਰ ਖੜ੍ਹਕਾਇਆ
ਰਾਤ ਦਿਨ ਦਾ
ਪੈਂਡਾ ਨਦੀ ਨੇ
ਧੁੱਪ ਚਾਂਦਨੀ ਵਿਚ
ਮੁਕਾਇਆ

----

# ਰੁੱਖ ਕਾਹਲਾ ਹੈ

ਬੀਜ ਚੋਂ
ਰੁੱਖ ਕਿੰਨਾ ਕਾਹਲਾ ਹੈ
ਉੱਗਣ ਲਈ
ਆਪਣੇ ਵਜੂਦ 'ਚ
ਢਲਣ ਲਈ
ਕੁੱਝ ਕਰਕੇ ਮਰਨ ਲਈ

-0-

ਰੁੱਖ ਕਾਹਲਾ ਹੈ
ਫੁੱਲ ਫੱਲ ਛਾਂ
ਹਰਿਆਵਲ ਦੁਨੀਆਂ ਨੂੰ
ਅਰਪਣ ਕਰਨ ਲਈ
ਸੜਦੇ
ਰਾਹੀਆਂ ਨੂੰ ਠਾਰਨ ਲਈ
ਜ਼ਿੰਦਗੀ ਚੋਂ
ਮੌਤ ਚੂਸਣ ਲਈ
ਜ਼ਿੰਦਗੀ 'ਚ
ਜੀਵਨ ਖਿਲਾਰਣ ਲਈ

-0-

ਰੁੱਖ ਕਾਹਲਾ ਹੈ
ਪੰਛੀਆਂ ਦੇ ਵਸੇਰੇ ਲਈ
ਆਪਣੀ
ਛੱਤਰ ਛਾਇਆ ਹੇਠ
ਪਸ਼ੂਆਂ ਦੇ ਡੇਰੇ ਲਈ
ਸੜਦੇ ਸੂਰਜ ਨੂੰ ਠਾਰਨ
ਲਈ
ਆਪਣੀ ਮਹਿਕ
ਵਾਤਾਵਰਣ 'ਚ ਖਿਲਾਰਣ ਲਈ

-0-

ਰੁੱਖ ਕਾਹਲਾ ਹੈ
ਬੀਜ 'ਚੋਂ ਜੜ੍ਹ ਹੋਣ ਲਈ
ਟਹਿਣੀਆਂ ਦਾ ਰੂਪ
ਹੋਣ ਲਈ
ਪੱਤਿਆਂ ਦਾ ਅਕਾਰ
ਧਾਰਨ ਲਈ
ਛਿੱਲੜ ਓੜੇ ਤਣੇ ਦਾ
ਆਧਾਰ ਹੋਣ ਲਈ
ਕਬਰਾਂ 'ਚ ਜ਼ਿੰਦਗੀ

ਤੋਰਨ ਲਈ
ਜ਼ਿੰਦਗੀ ਦਾ ਸ਼ੋਰ
ਹੋਣ ਲਈ
ਜੇਠ ਹਾੜ ਦੀਆਂ ਧੁੱਪਾਂ
ਜਿਉਂਣ ਲਈ
ਸਾਵਣ 'ਚ ਨਹਾਉਂਣ
ਲਈ

-0-

ਪਾਲੇ 'ਚ ਠਰਣ ਲਈ
ਗਰਮੀ 'ਚ ਤਪਣ ਲਈ
ਨਾ ਕੋਈ ਵੈਰੀ
ਨਾ ਹੀ ਬੇਗ਼ਾਨਾ
ਦਾ ਸੱਚ ਪਸਾਰਨ ਲਈ
ਏਕ ਨੂਰ ਤੇ ਸਭ ਜਗ
ਉਪਜਿਓ ਦੇ
ਸੂਰਜ ਜਗਾਵਣ ਲਈ
ਸਰਬੱਤ ਦਾ
ਭਲਾ ਮੰਗਣ ਲਈ
ਰੁੱਖ ਕਾਹਲਾ ਹੈ

ਸਿਰ ਤੇ
ਸੜਦਾ ਸੂਰਜ
ਸਹਾਰਣ ਲਈ
ਦੁਨੀਆਂ 'ਚ
ਠੰਡ ਵਰਤਾਵਣ ਲਈ

-0-

ਬੀਜ ਚੋਂ ਰੁੱਖ
ਕਿੰਨਾ ਕਾਹਲਾ ਹੈ
ਉੱਗਣ ਲਈ
ਆਪਣੇ ਵਜੂਦ 'ਚ
ਫਲਣ ਲਈ
ਕੁੱਝ ਕਰਕੇ ਮਰਨ ਲਈ

----

## ਜੀਆ ਜਲੇ

ਸਰੀਰ ਤਪੇ
ਵਿਰਲਾਪ ਕਰੇ
ਸੰਸਾਰ ਅੱਗ ਦਾ
ਘਰ ਹੈ
ਪ੍ਰੱਭੂ ਜੀ ਜੀਆ ਜਲੇ
ਸ਼ਬਨਮ ਦਾ ਪਿੰਡਾ
ਬਲੇ
ਜੰਗਲ ਸੜਿਆ
ਰੁੱਖ ਕੋਇਲੇ ਹੋਏ
ਸਹਿਰਾ ਵਿਚ ਸੜਦੀ
ਬੂੰਦ -
ਸੜ ਸੜ ਰਾਖ਼ ਹੋਈ
ਇਹ ਦੇਹੀ
ਬੈਠੀ ਹੈ ਅੱਖ੍ਹਾਂ ਮੂੰਦ

-0-

ਇਸ ਸੜਣ ਤੋਂ
ਠਾਰੋ ਪ੍ਰੱਭੂ ਜੀ
ਤਪਸ਼ ਕਰੋ ਮੋਰੀ ਸੀਤ
ਚਾਰ ਚੁਫੇਰੇ ਅੱਗਣ

ਤਨ ਤਪੇ ਤੰਦੂਰ
ਸੜਦੀ ਦੁਨੀਆਂ ਤੋਂ
ਪ੍ਰਭੂ ਜੀ
ਕਿਵੇਂ ਹੋਵਾਂ ਮੈਂ ਦੂਰ

-0-

ਮਸਤਕ ਦਾ ਦਰ ਖੋਲ੍ਹ
ਆਪਣੇ
ਪ੍ਰਭੂ ਦਾ ਕਣ ਪਹਿਚਾਣ
ਐ ਜਿਉੜੇ
ਇਸ ਕਣ ਦੇ ਸਾਗਰ
ਵਿਚ ਕਰ ਇਸ਼ਨਾਨ
ਤੇਰਾ ਮਨ
ਸੀਤਲ ਹੋ ਜਾਏ
ਤੇਰੀ ਤਪਦੀ ਧਰਤੀ ਤੇ
ਸ਼ਬਦ ਮੇਘ ਦਾ ਵਰ੍ਹ
ਜਾਏ

-0-

ਇਹ ਜੱਗ ਝੂਠਾ
ਝੂਠਾ
ਇਸ ਦਾ ਕਾਰੋਬਾਰ

ਆਪਣੀ ਦੇਹ ਤੇ
ਪਹਿਨਿਆ ਝੂਠ ਉਤਾਰ
ਦੇਹ ਵਿਚ ਵੱਸਦੀ ਜੋਤ ਦਾ
ਮੂਲ ਪਹਿਚਾਂਣ
ਆਪਣਾ ਸੱਚ ਸਿਆਣ

-0-

ਇਹ ਸੁੱਖਾਂ ਵੱਲ ਜਾਂਦਾ
ਰਾਹ ਹੈ
ਇਹ ਰਾਹ ਸਿਮਰ
ਧਿਆਨ
ਆਪਣੀ ਜੋਤ ਦੀ ਤ੍ਰਿਸ਼ਨਾਂ
ਦਾ
ਸੁਣ ਪਰਮ ਜੋਤ
ਵਿਖਿਆਣ
ਤੇਰੀ ਜੋਤ ਦਾ ਜਗਤ
ਘਰ ਨਹੀਂ
ਪਰਮ ਜੋਤ ਹੈ
ਇਸਦਾ ਅਸਥਾਨ
ਜਿੱਥੇ ਦੁੱਖ ਪੋਹ ਨਹੀਂ ਸਕਦਾ
ਸੁੱਖ ਦਾ ਸਭ ਸਾਮਾਨ

----

## ਜੀਵਨ ਭੀਖ਼

ਜੀਵਨ ਤੋਂ ਕੀ
ਆਸ ਰੱਖਾਂਗਾ ਲੈਣ ਦੀ
ਜੀਵਨ ਤਾਂ
ਖ਼ੁਦ ਮਨੁੱਖੀ ਭੀਖ਼ ਹੈ
ਝੂਠ ਦਾ ਵਜ਼ੂਦ ਹੈ
ਮੁਰਦਾ ਸਰੀਰ ਹੈ

-0-

ਜੀਵਨ ਦਰਪਣ ਚੋਂ
ਕਿਵੇਂ
ਆਪਣਾ ਚਿਹਰਾ
ਸੁਆਰੇਗਾ
ਕਿਵੇਂ
ਆਪਣੇ ਅੰਗਾਂ ਤੇ
ਨਕ਼ਸ਼ਾਂ ਨੂੰ ਨਿਹਾਰੇਗਾ
ਜੀਵਨ ਦਰਪਣ
ਕੀ ਦੱਸੇਗਾ
ਚਿਹਰੇ ਤੇ ਨਕ਼ਸ਼ਾਂ ਦੀ ਥਾਂ
ਚਿਹਰੇ
ਤੇ ਨਕ਼ਸ਼ਾਂ ਦਾ ਸੁੰਦਰ
ਗਰਾਂ

-0-

ਜੋ ਵਿਸਥਾਰੇਗਾ
ਚਿਹਰੇ ਦਾ ਸੱਚ
ਤਾਂ
ਕੀ ਸਿਰਜੇਗਾ ਨਕ਼ਸ਼ਾਂ
ਦੀ ਸੁੰਦਰਤਾ
ਦਰਪਣ ਨੂੰ ਕਿੱਥੋ ਯਾਦ ਹੈ
ਕਲਿਆਣ ਦਾ ਚਿਹਰਾ
ਦਰਪਣ ਭੁੱਲ਼ ਗਿਆ ਹੈ
ਸੱਚ ਦੇ ਅਹਿਸਾਸ ਦਾ
ਚਿਹਰਾ
ਜੀਵਨ ਦਰਪਣ
ਜਿਸ ਸਮੱਗਰੀ ਦਾ
ਬਣਿਆ ਹੈ
ਉਹ ਸਮੱਗਰੀ ਹੈ
ਜੀਵਨ ਤੋਂ ਪਹਿਲਾਂ ਦੇ
ਸਾਮਾਨ ਦਾ ਚਿਹਰਾ

–0–

ਜ਼ਿੰਦਗੀ ਨੂੰ
ਦਿੱਤੀ ਹੈ ਮਨੁੱਖ ਨੇ
ਜੀਵਨ ਭਿੱਖਿਆ
ਜੀਵਨ ਦੀ ਕੁੱਖ਼
ਮਨੁੱਖ ਹੈ ਮਨੁੱਖਤਾ ਹੈ

ਜੀਵਨ ਨੇ
ਮਨੁੱਖ ਤੋਂ ਜੀਵਨ ਹੋਣ
ਦਾ ਵੱਲ ਸਿੱਖਿਆ ਹੈ

-0-

ਜਦ ਵੀ
ਜੀਵਨ ਨੇ ਮਨੁੱਖ ਨੂੰ
ਮਨੁੱਖ ਹੋਣਾ ਸਿਖਾਇਆ
ਹੈ
ਮਨੁੱਖੀ ਵਜ਼ੂਦ ਚੋਂ
ਜੀਵਨ ਉੱਗ ਆਇਆ ਹੈ
ਜੀਵਨ ਦੀਆਂ
ਰੰਗੀਨੀਆਂ ਰੌਣਕਾਂ ਤੇ
ਲਾਲਚ ਨੇ
ਮਨੁੱਖ ਨੂੰ ਮਨੁੱਖ ਤੋਂ
ਹੈਵਾਨ ਬਣਾਇਆ ਹੈ

-0-

ਜੀਵਨ
ਜੋ ਮਨੁੱਖ ਦੀ ਦਿੱਤੀ
ਭਿੱਖ਼ਸ਼ਾ ਹੈ
ਮਨੁੱਖ ਦਾ ਖ਼ਜ਼ਾਨਾ ਸੀ
ਅੱਜ ਜੀਵਨ ਖ਼ਜ਼ਾਨੇ ਨੇ

ਆਪਣੇ ਹੀ
ਦਾਨੀ ਮਨੁੱਖ ਨੂੰ
ਆਪਣਾ ਗੁਲਾਮ
ਬਣਾਇਆ ਹੈ

-0-

ਅਜੋਕਾ ਮਨੁੱਖ
ਜੀਵਨ ਦੇ ਬੋਝ ਹੇਠ ਆਇਆ
ਸੋਚਦਾ ਹੈ
ਵਿਚਾਰਦਾ ਹੈ
ਆਪਣੇ ਆਪ ਨੂੰ
ਇਸ ਬੋਝ ਦੇ ਮੁਤਾਬਕ
ਢਾਲਦਾ ਹੈ
ਤਾਂ ਕਿ ਇਸ ਬੋਝ ਦੀਆਂ
ਐਸ਼ੋ ਇਸ਼ਰਤ ਰੌਣਕਾਂ
ਰੰਗੀਨੀਆਂ ਹੰਢਾ ਸਕੇ
ਜੀਵਨ ਦੀ ਸਮੱਗਰੀ
ਧੰਨ ਦੌਲਤਾਂ
ਜਾਇਦਾਦ ਕਾਰੋਬਾਰ
ਜਿਸ ਕੋਲ ਵੱਧ ਹੈ
ਉਹ ਹੀ ਦੁਨੀਆਂ ਦਾ
ਤਾਕਤਵਰ ਮਨੁੱਖ ਹੈ
ਸੰਸਾਰ 'ਚ ਉਸਦਾ ਹੀ
ਉੱਚਾ ਕੱਦ ਹੈ

-0-

ਮਨੁੱਖ
ਜੀਵਨ ਸਮੱਗਰੀ ਦਾ
ਰਿਜ਼ਕ ਤੇ ਦੌਲਤ ਦਾ
ਗ਼ੁਲਾਮ ਹੋ ਗਿਆ ਹੈ
ਜੀਵਨ ਦੇ ਦਾਇਰੇ 'ਚ
ਜਿਸਦਾ
ਸਭ ਤੋਂ ਉੱਚਾ ਸਥਾਨ ਹੈ
ਇਨਸਾਨੀਅਤ
ਦੇ ਦਾਇਰੇ 'ਚ
ਉਹ ਮਨੁੱਖ ਮਿੱਟੀ ਸਮਾਨ
ਹੈ
ਅਜੋਕਾ ਮਨੁੱਖ
ਆਪਣੇ ਮੋਢਿਆਂ ਤੇ
ਜੀਵਨ ਦਾ ਭਾਰ
ਉੱਠਾ ਰਿਹਾ ਹੈ
ਮਨੁੱਖ ਸੱਚ ਤਿਆਗ ਕੇ
ਜੀਵਨ ਸ਼ਮਸ਼ਾਨ ਵੱਲ
ਜਾ ਰਿਹਾ ਹੈ

----

## ਪ੍ਰਿਤੱਭਾ ਦਾ ਜਨਮ

ਉਸਨੇ
ਹਿਣਕਦਾ ਘੋੜਾ ਸੁਣਿਆ
ਤਾਂ ਉਸ ਨੂੰ ਲੱਗਾ
ਕੋਈ ਤੂਫ਼ਾਨ
ਆਉਣ ਵਾਲਾ ਹੈ
ਉਸਨੇ ਹਿਣਕਦੀ ਘੋੜੀ
ਸੁਣੀ
ਉਸਨੂੰ ਲੱਗਿਆ
ਆਉਣ ਵਾਲਾ ਤੂਫ਼ਾਨ
ਘੋੜੀ ਦੀ ਹਿਣਕਣ 'ਚ
ਗਰਕ ਗਿਆ ਹੈ

-0-

ਹੁਣ ਉਸਨੂੰ
ਨਾ ਤੂਫ਼ਾਨ ਨਾ ਘੋੜੇ
ਦੇ ਹਿਣਕਣ ਦਾ
ਨਾ ਘੋੜੀ ਦੇ ਹਿਣਕਣ ਦਾ
ਡਰ ਸੀ
ਉਹ ਚਾਹੁੰਦਾ ਸੀ

ਉਹ ਖੁੱਲ੍ਹੇ ਅੰਬਰੀਂ
ਪੀਂਘ ਪਾ ਲਵੇ
ਤੇ ਪੀਂਘ ਚੜ੍ਹਾਉਂਦਾ
ਚੜ੍ਹਾਉਂਦਾ
ਅੰਬਰ ਨੂੰ ਚੁੰਮ ਲਵੇ
ਕੀ ਪਤਾ ਸੀ
ਇਸ ਹੁਲਾਸ 'ਚ
ਉਸਦੇ ਅੰਦਰ ਦਾ ਘੋੜਾ
ਹਿਣਕ ਪਵੇ
ਤੇ ਕਿਸੇ ਘੋੜੀ ਦੀ
ਹਿਣਕਣ 'ਚ ਗਰਕ ਹੋ
ਜਾਏ
ਤੂਫ਼ਾਨ ਲੰਘ ਜਾਣ ਪਿਛਲੇ
ਮਾਹੌਲ ਦਾ
ਉਹ ਰੂਪ ਹੋ ਜਾਏ

0–

ਤੂਫ਼ਾਨ ਲੰਘ ਜਾਣ ਪਿਛੋਂ
ਉਸਦਾ ਚਿਹਰਾ
ਅੰਗ ਤੇ ਨਖ਼ਸ਼
ਰੁੱਖ ਦੇ ਜਿਸਮ ਨਾਲੋਂ

ਟੁੱਟਿਆ ਟਾਹਣਾ ਪੱਤਿਆਂ
ਵਾਂਗ
ਚੁੱਲ੍ਹੇ ਚੌਂਕੇ 'ਚ ਖ਼ਿਲਰੇ ਭਾਂਡਿਆਂ
ਵਾਂਗ
ਭੱਜੇ ਕੁੱਜਿਆਂ ਕਟੋਰੀਆਂ
ਤੇ ਤੌੜੀਆਂ ਵਾਂਗ ਪਏ ਸਨ

-0-

ਉਹ ਹਿਣਕਦੇ ਘੋੜੇ ਵਾਂਗ
ਆਉਂਦਾ ਤੂਫ਼ਾਨ ਤਾਂ
ਬਣਨਾ ਚਾਹੁੰਦਾ ਸੀ
ਪਰ ਜਾਂਦੇ ਤੂਫ਼ਾਨ ਦੀ
ਪਿੱਠ ਤੋਂ
ਉਸਨੂੰ ਨਫ਼ਰਤ ਸੀ
ਜਿਸ ਤੇ ਲੱਖਾਂ
ਹਿਣਕਦੀਆਂ ਘੋੜੀਆਂ
ਦੀ ਗਰਭ 'ਚ
ਅੱਥਰੇ ਤੂਫ਼ਾਨ ਬਰਫ਼ ਦੇ
ਗੋਲੇ ਬਣੇ ਪਏ ਸਨ
ਜੋ ਹਿਣਕਦੇ
ਪਰ ਕੰਠ ਚੋਂ ਆਵਾਜ਼ ਨਾ
ਨਿਕਲਦੀ

-0-

ਉਸਨੇ
ਆਪਣੇ ਅੰਗਾਂ ਤੇ ਨਖ਼ਸ਼ਾਂ ਨੂੰ
ਇਕੱਠਾ ਕੀਤਾ
ਆਪਣਾ ਵਜ਼ੂਦ
ਸਿਰਜਿਆ ਤੇ
ਪੂੱਛਲ ਹਿਲਾਉਂਦਾ ਹੋਇਆ
ਹਿਣਕਣ ਲੱਗ ਪਿਆ
ਉਸ ਚੋਂ ਤੂਫ਼ਾਨ ਉੱਠਿਆ
ਇਕ ਘੋੜੀ ਦੀ ਹਿਣਕਣ
'ਚ ਗਰਕ ਗਿਆ

-0-

ਘੋੜੀ ਦਾ ਗਰਭ
ਹੰਢਾਉਣ ਪਿਛੋਂ
ਜਦੋਂ ਉਹ ਜਨਮਿਆਂ
ਉਹ ਪਹਿਲੇ ਜਿਹਾ ਨਹੀਂ
ਸੀ
ਉਸ 'ਚ ਮਰਦਾਨਗੀ
ਗੌਰਵ ਤੇ ਆਨ ਸੀ
ਕਿਸੇ ਵੀ ਘੋੜੀ ਦੀ

ਹਿਣਕਣ 'ਚ
ਉਹ ਨਾ ਗਰਕਣ
ਵਾਲਾ ਤੂਫ਼ਾਨ ਸੀ

-0-

ਉਹ ਹਿਣਕਦਾ
ਤਾਂ ਤੂਫ਼ਾਨ ਆਉਂਦਾ
ਇਸ ਤੂਫ਼ਾਨ 'ਚ
ਆਪਣੇ ਵਜੂਦ ਦੀ
ਕੁਦਰਤੀ ਯੋਗਤਾ
ਉਸ 'ਚ
ਉਸਦੇ ਦੁਆਰਾ ਜਨਮਣ
ਪਿਛੋਂ ਆਈ ਸੀ
ਜਿਸਦੀ ਪ੍ਰਿਤੱਭਾ ਦੀ
ਜੜ੍ਹ
ਉਸਦੇ ਜਿਸਮ 'ਚ
ਮਾਂ ਦੀ ਕੁੱਖ਼ ਨੇ ਉੱਗਾਈ ਸੀ

----

## ਜਿਸਮ ਤੇਰਾ ਮੇਰਾ

ਦੁਨੀਆਂ ਹੀ ਭਰਦੀ ਹੈ
ਦੁਨੀਆਂ ਹੀ ਨਿਚੋੜਦੀ ਹੈ
ਜਿਸਮ ਤੇਰਾ ਮੇਰਾ
ਦੁਨੀਆਂ ਹੀ ਵੇਚਦੀ ਹੈ
ਦੁਨੀਆਂ ਹੀ ਖ਼ਰੀਦਦੀ ਹੈ
ਜਿਸਮ ਤੇਰਾ ਮੇਰਾ

-0-

ਤੂੰ ਕਦੋਂ
ਮੈਨੂੰ ਆਪਣੇ ਆਪ
ਨਾਲ ਭਰਿਆ ਹੈ
ਮੈਂ ਕਦੋਂ ਤੈਨੂੰ
ਆਪਣੇ ਚੋਂ ਨਿਚੋੜਿਆ
ਹੈ
ਤੈਨੂੰ ਆਪਣੇ ਨਾਲ
ਭਰਨ ਲਈ
ਆਪਣੇ ਜਿਹਾ
ਕੋਈ ਕਲਬੂਤ ਹੀ ਨਜ਼ਰ
ਨਹੀਂ ਆਇਆ
ਇਸ ਲਈ
ਤੂੰ ਜਨਮ ਤੋਂ ਮਰਨ ਤੱਕ

ਉੱਤਰ ਰਿਹਾ ਹੈਂ
ਮੈਂ ਜਨਮ ਤੋਂ ਮਰਨ ਤੱਕ
ਦੱਖਣ ਰਿਹਾ ਹਾਂ

-0-

ਇਕ ਦੂਜੇ ਨੂੰ ਪਿੱਠ ਦੇ ਕੇ
ਇਕ ਦੂਜੇ ਦੇ ਵਿਪਰੀਤ
ਤੁਰਦੇ ਰਹੇ
ਇਕ ਜੰਗਲ 'ਚ
ਉੱਗੇ ਰੁੱਖਾਂ ਵਾਂਗ
ਦੂਰ ਦੂਰ ਖੜ੍ਹੇ ਰਹੇ

-0-

ਜਦ ਦੁਨੀਆਂ ਭਰਦੀ ਹੈ
ਤਾਂ ਭਰੇ ਜਾਣ ਲਈ
ਅਨੁਕੂਲ ਕਲਬੂਤ ਨਹੀਂ
ਵੇਖਦੀ
ਜਦ ਦੁਨੀਆਂ ਨਿਚੋੜਦੀ ਹੈ
ਤਾਂ
ਨੁਚੜੇ ਚੋਂ ਆਪਾ ਨਹੀਂ ਵੇਖਦੀ
ਭਰਨ ਲੱਗਿਆਂ
ਸਿਰਫ਼ ਪੈਕਰ ਵੇਖਦੀ ਹੈ

ਜੋ ਮੰਡੀ 'ਚ ਵਿੱਕਦਾ ਹੈ
ਨਿਚੋੜਣ ਲੱਗਿਆਂ
ਨੁਚੜੀ ਵਸਤੂ ਦਾ ਮੁੱਲ
ਵੇਖਦੀ ਹੈ
ਵੇਚਣ ਲਈ
ਖ਼ਰੀਦਣ ਲਈ

-0-

ਦੁਨੀਆਂ
ਵਿਪਰੀਤ ਤੁਰਦਿਆਂ
ਚਿਹਰਿਆਂ ਦੀ ਪਿੱਠ ਚੋਂ ਵੀ
ਚਿਹਰੇ ਉੱਗਾ ਲੈਂਦੀ ਹੈ
ਨਾ-ਅਨੁਕੂਲ ਨੂੰ
ਅਨੁਕੂਲ
ਅਨੁਕੂਲ ਨੂੰ
ਨਾ-ਅਨੁਕੂਲ ਬਣਾ ਲੈਂਦੀ ਹੈ
ਜੋ ਵਿੱਕਣਾ ਨਹੀਂ ਚਾਹੁੰਦਾ
ਉਸਨੂੰ ਖ਼ਰੀਦ ਲੈਂਦੀ ਹੈ
ਜੋ ਖ਼ਰੀਦਣਾ ਨਹੀਂ ਚਾਹੁੰਦਾ
ਉਸਨੂੰ ਵੇਚ ਲੈਂਦੀ ਹੈ

-0-

ਦੁਨੀਆਂ ਦੀ ਨਜ਼ਰ 'ਚ
ਤੇਰਾ ਸੱਚ ਕੀ ਹੈ
ਮੇਰਾ ਸੱਚ ਕੀ ਹੈ
ਦੁਨੀਆਂ ਨੂੰ ਕੋਈ
ਮਤਲਬ ਨਹੀਂ ਹੈ
ਦੁਨੀਆਂ ਦੀ ਆਪਣੀ
ਸੋਚ ਕੀ ਹੈ
ਇਸ ਦਾ ਅਰਥ ਹੈ
ਤੇਰੇ ਮੇਰੇ ਸੱਚ ਦਾ ਨਹੀਂ
ਦੁਨੀਆਂ ਦੀ ਮੰਡੀ 'ਚ
ਤੇਰੇ ਮੇਰੇ ਜਿਹੀਆਂ
ਵੇਚੀਆਂ ਖ਼ਰੀਦੀਆਂ
ਜਾ ਰਹੀਆਂ
ਵਸਤੂਆਂ ਦਾ ਸੱਚ
ਦੁਨੀਆਂ ਦਾ ਸੱਚ ਹੈ

-0-

ਤੂੰ ਤੇ ਮੈਂ
ਆਪਣੀ ਆਪਣੀ
ਨਿਗ੍ਹਾ 'ਚ
ਮਨੁੱਖ ਹਾਂ ਜੀਵ ਹਾਂ
ਦੁਨੀਆਂ ਦੀ ਨਿਗ੍ਹਾ 'ਚ
ਅਸੀਂ ਵਸਤੂਆਂ ਹਾਂ

ਇਹ ਸਿਰਫ਼
ਅੱਜ ਦੀ ਦੁਨੀਆਂ ਤੇ
ਮੰਡੀ ਦਾ ਹੀ ਸੱਚ ਨਹੀਂ
ਤਿਰੇਤਾ ਯੁੱਗ ਦਾ ਸੱਚ ਹੈ
ਕ੍ਰਿਸ਼ਨਾ ਯੁੱਗ ਦਾ
ਸੱਚ ਹੈ
ਜਦ ਸਾਡੇ ਪੁਰਖਿਆਂ ਨੇ
ਦਰੋਪਤੀ ਨੂੰ
ਇਕ ਵਸਤੂ ਜਾਣ ਕੇ
ਹਸਤਨਾਪੁਰ ਦੀ ਮੰਡੀ 'ਚ
ਦਾਅ ਤੇ ਲਾਇਆ ਸੀ
ਮਨੁੱਖੀ ਸੱਚ ਨੂੰ ਮਨੁੱਖ ਤੋਂ
ਵਸਤੂ ਬਣਾਇਆ ਸੀ

-0-

ਦੁਨੀਆਂ ਹੀ ਭਰ਼ਦੀ ਹੈ
ਦੁਨੀਆਂ ਨਿਚੋੜਦੀ ਹੈ
ਜਿਸਮ ਤੇਰਾ ਮੇਰਾ
ਦੁਨੀਆਂ ਹੀ ਵੇਚਦੀ ਹੈ
ਦੁਨੀਆਂ ਹੀ ਖ਼ਰੀਦਦੀ ਹੈ
ਜਿਸਮ ਤੇਰਾ ਮੇਰਾ

----

## ਗਤੀ

ਉਹ ਪੱਥਰ ਚੋਂ ਨਿਕਲੀ
ਤੇ ਆਪਣੀ ਧੁਨ 'ਚ
ਵਹਿ ਤੁਰੀ
ਉਹ ਤਾਂ
ਆਪਣੀ ਧੁਨ 'ਚ
ਆਪਣਾ ਵਜ਼ੂਦ ਵੀ
ਭੁੱਲ ਗਈ
ਉਸ ਪੱਥਰੀ ਹਿਫ਼ਾਜ਼ਤੀ
ਵਜ਼ੂਦ ਨੂੰ
ਯਾਦ ਰੱਖਣਾ ਸੀ ਕੀ

-0-

ਸ਼ਾਇਦ
ਉਹ ਪੱਥਰ ਦੇ ਵਜ਼ੂਦ 'ਚ
ਸਦੀਆਂ ਤੋਂ ਕੈਦ ਸੀ
ਜੋ ਹਵਾ ਨੂੰ ਮੂੰਹ ਤੋੜ
ਜੁਆਬ ਦੇਣਾ ਚਾਹੁੰਦੀ ਸੀ
ਕਿ ਉਹ ਹਵਾ ਦੀ
ਗਤੀ ਨੂੰ ਜਨਮ ਸਕਦੀ ਹੈ
ਕਬਰਾਂ ਚੋਂ
ਜੀਵਨ ਉਗਾ ਸਕਦੀ ਹੈ
ਪਹਾੜਾਂ ਤੇ ਪੱਥਰਾਂ ਨੂੰ
ਪਰ ਲਾ ਸਕਦੀ ਹੈ
ਇਸ ਲਈ
ਉਹ ਜ਼ਿੰਦਗੀ ਦੇ ਸਾਗਰ
'ਚ ਰਲਣਾ ਚਾਹੁੰਦੀ ਹੈ

ਕਬਰਾਂ 'ਚ
ਜੀਵਨ ਧਰਨਾ ਚਾਹੁੰਦੀ ਹੈ

-0-

ਪੱਥਰੀ ਵਜੂਦ
ਉਸ ਗਤੀ ਦੁਆਲੇ
ਹਿਫ਼ਾਜ਼ਤੀ ਕਿਲੇ ਵਾਂਗ ਸੀ
ਜੋ
ਆਪਣੇ ਫਰਜ਼ ਨੂੰ
ਗਤੀ ਤੇ ਅਹਿਸਾਨ ਸਮਝਦਾ
ਸੀ
ਗਤੀ ਨੂੰ ਵਜੂਦ ਦਾ ਭੁੱਲ ਜਾਣਾ
ਆਪਣਾ
ਅਪਮਾਨ ਸਮਝਦਾ ਸੀ

-0-

ਗਤੀ
ਪੱਥਰ ਚੋਂ ਗਤੀ ਹੋ ਗਈ
ਗਤੀ ਤੋਂ
ਜੀਵਨ 'ਚ ਰਲ ਗਈ
ਜੀਵਨ 'ਚ
ਵੇਗ ਦੇ ਮੱਘਦੇ ਸੂਰਜ
ਧਰ ਗਈ
ਪੱਥਰ ਦੀ ਕੁੱਖ
ਰੌਸ਼ਨ ਕਰ ਗਈ
ਅਹਿਸਾਨ ਸਮਝਦਾ
ਵਜੂਦ ਪੱਥਰ ਦਾ
ਪੱਥਰ ਦੀ ਜੂਨੇ ਪਿਆ
ਪੱਥਰ ਦਾ ਪੱਥਰ ਰਹਿ ਗਿਆ

----



ਮੈਂ ਜਦੋਂ ਤੁਰਦਾ ਹਾਂ
ਆਪਣੇ ਆਪ 'ਚ ਭੁਰਦਾ ਹਾਂ
ਤਿੜਕਦਾ ਤੇ ਧੁੱਖਦਾ ਹਾਂ
ਮੇਰੇ ਨਕ਼ਸ਼ ਮੇਰੇ ਅੰਗ
ਮੇਰਾ ਰੰਗ ਰੂਪ ਤੇ ਚਿਹਰਾ
ਮੇਰੇ ਦੁਆਲੇ ਉੱਗ ਆਉਂਦੇ ਹਨ

-●-

ਮੇਰੇ ਅੰਬਰ 'ਚ ਉਤਰਦੇ ਹਨ
ਪੈਰਾਂ 'ਚ ਤੁਰਦੇ ਹਨ
ਲਹੂ 'ਚ ਗਿੜਦੇ ਹਨ
ਪ੍ਰਾਣਾਂ 'ਚ ਘੁੰਮਦੇ ਹਨ
ਜੀਭਾਂ ਤੇ ਬੋਲਦੇ ਹਨ

-●-

ਪਰਤ-ਦਰ-ਪਰਤ
ਮੇਰਾ ਵਜੂਦ ਖੋਲ੍ਹਦੇ ਹਨ
ਮੇਰੇ ਚੋਂ ਜਗਦਾ ਅਰਥ ਤੱਕਦੇ ਹਨ
ਮੇਰੇ 'ਚ ਉਤਰਦੇ ਹਨ
ਮੈਨੂੰ ਆਪਣੇ 'ਚ ਉਤਾਰਦੇ ਹਨ

ਰਿਸ਼ਮਾਂ 'ਚੋਂ

ਦੁਨੀਆਂ
ਵਿਪਰੀਤ ਤੁਰਦਿਆਂ
ਚਿਹਰਿਆਂ ਦੀ ਪਿੱਠ ਚੋਂ ਵੀ
ਚਿਹਰੇ ਉੱਗਾ ਲੈਂਦੀ ਹੈ
ਨਾ-ਅਨੁਕੂਲ ਨੂੰ ਅਨੁਕੂਲ
ਅਨੁਕੂਲ ਨੂੰ
ਨਾ-ਅਨੁਕੂਲ ਬਣਾ ਲੈਂਦੀ ਹੈ
ਜੋ ਵਿਕਣਾ ਨਹੀਂ ਚਾਹੁੰਦਾ
ਉਸ ਨੂੰ ਖ਼ਰੀਦ ਲੈਂਦੀ ਹੈ
ਜੋ ਖਰੀਦਣਾ ਨਹੀਂ ਚਾਹੁੰਦਾ
ਉਸ ਨੂੰ ਵੇਚ ਲੈਂਦੀ ਹੈ

ਦਰਪਣ 'ਚੋਂ

-ਚਰਨ ਸਿੰਘ